ਤਉ ਕਿਉ ਮੁਰਗੀ ਮਾਰੈ ?



ਭਾਈ ਜੋਗਿੰਦਰ ਸਿੰਘ ਤਲਵਾੜਾ

ਟ੍ਰਸਟ ਵੱਲੋਂ
ਪਹਿਲੀ ਵਾਰ ਅਪ੍ਰੈਲ ੧੯੯੫
ਦੂਜੀ ਵਾਰ ਜਨਵਰੀ ੧੯੯੮

ਮੁੱਲ : ੪-੦੦

ਮਿਲਣ ਦਾ ਪਤਾ :
ਸਿੰਘ ਬ੍ਰਦਰਜ਼
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ
S.C.O. 98, ਸਿਟੀ ਸੈਂਟਰ, ਅੰਮ੍ਰਿਤਸਰ

ਪ੍ਰਕਾਸ਼ਕ :
ਗੁਰਮਤਿ ਸਾਹਿਤ ਚੈਰੀਟੇਬਲ ਟ੍ਰਸਟ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਟਾਈਪਸੈੱਟਰ :
ਕੇ.ਜੀ. ਗ੍ਰਾਫ਼ਿਕਸ, 98, ਸਿਟੀ ਸੈਂਟਰ, ਅੰਮ੍ਰਿਤਸਰ

ਪ੍ਰਿੰਟਰ :
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਨਵੀਂ ਐਡੀਸ਼ਨ ਦੀ ਪ੍ਰਵੇਸ਼ਕਾ

੧. ਇਸ ਟ੍ਰੈਕਟ ਦੀ ਪਹਿਲੀ ਐਡੀਸ਼ਨ ਸਮਾਪਤ ਹੋਣ 'ਤੇ ਹੁਣ ਇਹ ਨਵੀਂ ਐਡੀਸ਼ਨ ਛਾਪ ਕੇ ਗੁਰਮਤਿ-ਪ੍ਰੇਮੀਆਂ ਦੀ ਸੇਵਾ ਵਿਚ ਪੇਸ਼ ਕੀਤੀ ਜਾ ਰਹੀ ਹੈ। ਬਾਹਰਲੇ ਦੇਸ਼ਾਂ ਤੋਂ ਇਸ ਦਾ ਅੰਗ੍ਰੇਜ਼ੀ ਰੂਪ ਛਾਪਣ ਲਈ ਵੀ ਪ੍ਰਬਲ ਮੰਗ ਆਈ ਹੈ, ਉਸ ਲਈ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ।

੨. ਮੇਰਾ ਧਿਆਨ ਸਤਿਕਾਰ ਯੋਗ ਵੀਰ ਸ੍ਰ. ਗੁਰਬਖ਼ਸ਼ ਸਿੰਘ ਜੀ ਕਾਲਾ ਅਫ਼ਗਾਨਾ ਵਲੋਂ ਪ੍ਰਕਾਸ਼ਤ ਪੁਸਤਕ *ਮਾਸੁ ਮਾਸੁ ਕਰਿ ਮੂਰਖੁ* ਝਗੜੇ ਵਲ ਦਿਵਾਇਆ ਗਿਆ ਹੈ। ਮੈਂ ਇਸ ਪੁਸਤਕ ਨੂੰ ਗਹੁ ਨਾਲ ਵਾਚਿਆ ਹੈ। ਮੈਨੂੰ ਇਸ ਵਿਚ ਕੋਈ ਨਵੀਂ ਗੱਲ ਨਹੀਂ ਦਿਸੀ, ਪੁਰਾਣੀਆਂ ਘਿਸੀਆਂ ਪਿਟੀਆਂ ਦਕੀਆਨੂਸੀ ਦਲੀਲਾਂ ਹੀ ਦੁਹਰਾਈਆਂ ਹੋਈਆਂ ਹਨ, ਜਿਨ੍ਹਾਂ ਸੰਬੰਧੀ ਸੰਖੇਪ ਜਿਹੀ ਪਰ ਭਾਵ-ਪੂਰਤ ਵਿਚਾਰ ਹੱਥਲੇ ਟ੍ਰੈਕਟ ਵਿਚ ਪਹਿਲਾਂ ਹੀ ਕੀਤੀ ਹੋਈ ਹੈ। ਉਭਰਵੇਂ ਮੁਦੇ ਫਿਰ ਸਪੱਸ਼ਟ ਕੀਤੇ ਜਾਂਦੇ ਹਨ।

੩. ਵੀਰ ਕਾਲਾ ਅਫ਼ਗਾਨਾ ਜੀ ਦੀ ਉਪ੍ਰੋਕਤ ਪੁਸਤਕ ਦੀ ਵਿਸ਼ੇਸ਼ਤਾ ਕੇਵਲ ਇਹ ਹੈ ਕਿ ਇਸ ਵਿਚ ਭਾ: ਸਾ: ਭਾਈ ਰਣਧੀਰ ਸਿੰਘ ਜੀ ਵਿਰੁਧ ਰਜ ਕੇ ਭੜਾਸ ਕਢੀ ਹੋਈ ਹੈ। ਅਸਲ ਗੱਲ ਇਹ ਹੈ ਕਿ ਮਾਸ ਦੇ ਚਸਕਾਲੂ ਵੀਰਾਂ ਨੂੰ ਓਦੋਂ ਤਕੜੀ ਖਿੱਝ ਚੜ੍ਹਦੀ ਹੈ ਜਦੋਂ ਕੋਈ ਮਾਸ ਖਾਣ ਵਿਰੁਧ ਪ੍ਰਚਾਰ ਕਰਦਾ ਹੈ। ਕਾਰਨ ਇਹ ਹੈ ਕਿ ਇਹ ਵੀਰ ਮਾਸ ਖਾਣ ਸੰਬੰਧੀ ਹਰ ਹਾਲਤ ਵਿਚ ਅਤੇ ਹਰ ਕੀਮਤ 'ਤੇ ਪੂਰੀ ਖੁਲ੍ਹ ਚਾਹੁੰਦੇ ਹਨ। ਮਾਸ ਖਾਣ ਨਾਲ ਸੰਬੰਧਤ ਗੁਰਬਾਣੀ ਦੇ ਸ਼ਬਦਾਂ ਦੇ ਅਰਥ ਵੀ ਇਹਨਾਂ ਨੂੰ ਓਹੀ ਪ੍ਰਵਾਨ ਹਨ, ਜਿਨ੍ਹਾਂ ਤੋਂ ਮਾਸ ਖਾਣ ਦੀ ਖੁਲ੍ਹ ਮਿਲਦੀ ਦਿਸੇ।

੪. ਭਾ: ਸਾ: ਭਾਈ ਰਣਧੀਰ ਸਿੰਘ ਜੀ ਨੇ ਆਪਣਾ ਸਮੁੱਚਾ ਜੀਵਨ ਨਾਮ ਬਾਣੀ ਦੇ ਨਿਰੰਤਰ ਅਭਿਆਸ ਵਿਚ ਬਤੀਤ ਕੀਤਾ। ਉਹਨਾਂ ਨੇ ਗੁਰਬਾਣੀ ਨੂੰ ਜੀਵਨ-ਅਧਾਰ ਬਣਾਇਆ ਅਤੇ ਗੁਰਬਾਣੀ ਦੇ ਰਹੱਸ ਨੂੰ ਆਤਮ-ਤਲ 'ਤੇ ਜਾਣਿਆ ਅਤੇ ਮਾਣਿਆ। ਗੁਰਬਾਣੀ ਦਾ ਗੁਹਜ-ਭਾਵ ਉਹਨਾਂ ਦੇ ਰਗੋ-ਰੇਸ਼ੇ ਵਿਚ ਰਚਿਆ ਹੋਇਆ ਸੀ, ਇਸ ਲਈ ਗੁਰਬਾਣੀ ਦੇ ਅਰਥ-ਭਾਵ ਸਮਝਣ ਲਈ ਉਹਨਾਂ ਨੂੰ ਕਿਸੇ ਵਿਸ਼ੇਸ਼ ਟੀਕਾਕਾਰ ਦੀ ਮੁਥਾਜੀ

ਨਹੀਂ ਸੀ। ਗੁਰਬਾਣੀ ਨਾਲ ਆਤਮ-ਪਰਚਾ ਪੈ ਜਾਣ ਸਦਕਾ ਉਹਨਾਂ ਨੂੰ ਅਨੁਭਵ ਹੋਇਆ ਕਿ ਮਾਸ ਖਾਣ ਲਈ ਹਰ ਕਿਸੇ ਨੂੰ ਪਸ਼ੂ-ਪੰਛੀਆਂ ਦਾ ਸੰਘਾਰ ਕਰਨਾ-ਕਰਾਉਣਾ ਪੈਂਦਾ ਹੈ, ਜੋ ਨਿਰਸੰਦੇਹ ਹਿੰਸਕ ਕਰਮ ਹੈ! ਹਤਿਆ ਹੈ!! ਜ਼ੋਰ-ਜ਼ੁਲਮ ਹੈ!!!

ਸੋ, ਉਹਨਾਂ ਨੇ ਇਸ ਸੰਬੰਧੀ ਗੁਰਬਾਣੀ ਦੇ ਸੱਚ ਨੂੰ ਪੂਰੀ ਦ੍ਰਿੜ੍ਹਤਾ ਅਤੇ ਨਿਰਭੈਤਾ ਨਾਲ ਸਿਖ-ਜਗਤ ਤਕ ਪਹੁੰਚਾਉਣ ਦਾ ਹੌਸਲਾ ਕੀਤਾ—ਇਸ ਗੱਲ ਤੋਂ ਬੇਪਰਵਾਹ ਹੋ ਕੇ ਕਿ ਇਸ ਵਜੋਂ ਕੋਈ ਉਹਨਾਂ ਨੂੰ ਚੰਗਾ ਆਖਦਾ ਹੈ ਜਾਂ ਮੰਦਾ।

੫. ਜੇ ਦੇਸ ਪ੍ਰਦੇਸ ਦੇ ਬੇਅੰਤ ਗੁਰਸਿਖ ਗੁਰਬਾਣੀ ਦੇ ਸੱਚ ਨੂੰ ਪੜ੍ਹ-ਸੁਣ ਕੇ ਜੀਵਾਂ ਉਤੇ ਜ਼ੋਰ-ਜ਼ੁਲਮ ਕਰ ਕੇ ਹਤਿਆਰੇ ਬਣਨ ਤੋਂ ਬਚ ਗਏ ਹਨ ਤਾਂ ਇਸ ਵਿਚ ਭਾਈ ਸਾਹਿਬ ਜੀ ਦੀ ਨਹੀਂ, ਸਗੋਂ ਗੁਰਬਾਣੀ ਦੀ ਵਡਿਆਈ ਹੈ। ਭਾਈ ਸਾਹਿਬ ਜੀ ਨੇ ਤਾਂ ਗੁਰੂ ਆਸਰੇ ਕੇਵਲ ਗੁਰਬਾਣੀ ਦੇ ਸੱਚ ਦਾ ਪਲੂ ਫੇਰਨ ਦੀ ਸੇਵਾ ਹੀ ਕੀਤੀ, ਜੋ ਸਤਿਗੁਰਾਂ ਦੀ ਮਿਹਰ ਸਦਕਾ ਸਫਲੀ ਹੋਈ ਤੇ ਲੱਖਾਂ ਦੀ ਗਿਣਤੀ ਵਿਚ ਗੁਰਸਿਖ ਸਤਿਗੁਰਾਂ ਦੀ ਭੈ-ਭਾਵਨੀ ਸਦਕਾ 'ਗਲਵਢ ਹਤਿਆ ਕਮਾਹਿ' ਦੇ ਪਾਪ-ਕਰਮ ਤੋਂ ਬਚ ਗਏ, ਬਚ ਰਹੇ ਹਨ ਅਤੇ ਬਚਦੇ ਰਹਿਣਗੇ। ਇਸ ਵਜੋਂ ਜੇ ਕੋਈ ਵੀਰ ਖਿੱਝ ਖਾ ਕੇ ਭਾਈ ਸਾਹਿਬ ਵਿਰੁਧ ਭੜਾਸ ਕਢਦਾ ਹੈ ਤਾਂ ਇਸ ਨਾਲ ਉਹਨਾਂ ਦੀ ਨਿਰਮਲ ਸ਼ਖ਼ਸੀਅਤ ਨੂੰ ਕੋਈ ਹਾਨੀ ਨਹੀਂ ਪੁਜਦੀ। ਭਲਾ, ਚੰਨ ਉਤੇ ਥੁਕਿਆਂ ਚੰਨ ਕਦੀ ਮੈਲਾ ਹੋਇਐ ? ਹਰਗਿਜ਼ ਨਹੀਂ। ਗੁਰਬਾਣੀ ਦਾ ਰਸੀਆ ਹਰੇਕ ਗੁਰਸਿਖ ਉਹਨਾਂ ਦੇ ਵਿਚਾਰਾਂ ਨੂੰ ਗੁਰਬਾਣੀ ਦੇ ਚਾਨਣ ਵਿਚ ਪਰਖ-ਨਿਰਖ ਸਕਦਾ ਹੈ।

੬. ਭਾਈ ਸਾਹਿਬ ਜੀ ਨੇ ਧਰਮ ਦੀ ਖ਼ਾਤਰ ਉਮਰ-ਕੈਦ ਭੋਗੀ ਅਤੇ ਉਸ ਸਮੇਂ ਜੇਲ੍ਹ ਦੇ ਦਿਲ-ਹਿਲਾਊ ਤਸੀਹੇ ਸਹਿ ਕੇ ਸਿੱਖੀ ਸਿਦਕ ਪੂਰਨ ਦ੍ਰਿੜ੍ਹਤਾ ਨਾਲ ਨਿਭਾਇਆ ਅਤੇ ਇਸ ਤਰ੍ਹਾਂ ਅਮਲੀ ਤੌਰ 'ਤੇ ਸਬੂਤ ਪੇਸ਼ ਕੀਤਾ ਕਿ ਖਾਲਸਈ ਸੂਰਮਗਤੀ ਮਾਸ ਖਾਣ ਦੇ ਚਸਕੇ ਅਧੀਨ, ਮਾਸੂਮ ਪਸ਼ੂ-ਪੰਛੀਆਂ ਉਤੇ ਸ਼ਸਤਰ-ਪ੍ਰਹਾਰ ਕਰਨ ਨਾਲ ਨਹੀਂ, ਸਗੋਂ ਗੁਰੂ-ਹੁਕਮਾਂ ਦੇ ਭੈ ਵਿਚ ਵਿਚਰਦਿਆਂ ਆਤਮ-ਬਲੀਦਾਨ ਦੇਣ ਦੀ ਭਾਵਨਾ ਅਧੀਨ ਉਗਮਦੀ ਹੈ।

ਵਿਵਾਦ-ਗ੍ਰਸਤ ਮਸਲਾ

ਵਿਵਾਦ-ਗ੍ਰਸਤ ਮਸਲਾ ਵਾਸਤਵ ਵਿਚ ਮਾਸ-ਸਾਗ ਦੇ ਨਿਰਣੈ ਦਾ ਨਹੀਂ। ਅਸਲੀ ਮੁੱਦਾ ਮਾਸ-ਪ੍ਰਾਪਤੀ ਲਈ ਜੀਵਾਂ ਉਤੇ ਕੀਤੇ ਜਾਣ ਵਾਲੇ ਜ਼ੋਰ-ਜ਼ਬਰ ਅਥਵਾ ਜ਼ੁਲਮ ਦਾ ਹੈ, ਜਿਸ ਸੰਬੰਧੀ ਗੁਰਬਾਣੀ ਦਾ ਨਿਰਣਾ ਬਿਲਕੁਲ ਸਪੱਸ਼ਟ ਹੈ। ਐਵੇਂ ਕੋਈ ਅਰਥਾਂ ਦੀ ਹੇਰਾ-ਫੇਰੀ ਦਾ ਆਸਰਾ ਲੈ ਕੇ ਜ਼ੋਰ-ਜ਼ੁਲਮ ਦੇ ਦੋਸ਼ ਤੋਂ ਬਚਣਾ ਚਾਹੇ ਤਾਂ

ਉਸ ਦੀ ਮਰਜ਼ੀ; ਪਰ ਬਚ ਸਕਣਾ ਸੰਭਵ ਨਹੀਂ।

'ਅਸੰਖ ਗਲਵਢ ਹਤਿਆ ਕਮਾਹਿ' ਦੇ ਅਰਥਾਂ ਵਿਚ ਸ਼ਕ ਦੀ ਕੀ ਗੁੰਜਾਇਸ਼ ਹੈ ? ਅਰਥ ਸਪੱਸ਼ਟ ਹੈ, (ਕਿਸੇ ਵੀ ਖ਼ੁਦ-ਗ਼ਰਜ਼-ਪ੍ਰਯੋਜਨ ਅਥਵਾ ਹਵਸ ਅਧੀਨ) ਕਿਸੇ ਵੀ ਜੀਵ (ਮਨੁੱਖ, ਪਸ਼ੂ ਜਾਂ ਪੰਛੀ) ਦਾ ਗਲਾ ਵੱਢਣ ਵਾਲਾ ਹਤਿਆਰਾ ਹੈ। ਜੀਭ ਦੇ ਚਸਕੇ ਅਧੀਨ ਮਾਸੂਮ ਜੀਵਾਂ ਦੇ ਗਲ ਵਢਣ ਵਾਲੇ ਹਤਿਆਰੇ ਮਨੁੱਖਾਂ ਲਈ ਸਿੱਧਾ ਸਵਾਲ ਹੈ :

ਮਾਸ ਖਾਨਿ ਗਲ ਛੁਰੀ ਦੇ ਹਾਲੁ ਤਿਨਾੜਾ ਕਉਣੁ ਅਲੋਆ॥

(ਵਾਰ ੩੭, ਪਉੜੀ ੨੧, ਭਾਈ ਗੁਰਦਾਸ ਜੀ)

ਮਾਸ ਖਾਨਿ ਗਲ ਵਢਿ ਕੈ ਹਾਲੁ ਤਿਨਾੜਾ ਕਉਣੁ ਹੋਵਸੀ॥

(ਵਾਰ ੨੫, ਪਉੜੀ ੧੭, ਭਾਈ ਗੁਰਦਾਸ ਜੀ)

[ਜੋ ਮਨੁੱਖ ਮਾਸੂਮ ਪਸ਼ੂ-ਪੰਛੀਆਂ ਦਾ ਗਲਾ ਵਢ ਕੇ ਮਾਸ ਭਸ਼ਣ ਕਰਦੇ ਹਨ, ਉਹਨਾਂ ਦਾ (ਸਚੀ ਦਰਗਾਹ ਵਿਚ) ਕੀ ਹਾਲ ਹੋਵੇਗਾ ?]

ਸਵਾਲ ਸਿੱਧਾ ਹੈ

ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥

(ਪੰਨਾ ੧੧੦੩)

[ਜੀਭ ਦੇ ਚਸਕੇ ਅਧੀਨ ਜੀਵ-ਹਤਿਆ ਕਰਦੇ ਹੋ ਅਤੇ ਇਸ ਨੂੰ ਧਰਮ (ਖ਼ਾਲਸਾ-ਰਹਿਤ) ਨਿਰਧਾਰਤ ਕਰਦੇ ਹੋ ਤਾਂ ਅਧਰਮ (ਕੁ-ਰਹਿਤ) ਫਿਰ ਕਿਸ ਨੂੰ ਆਖੋਗੇ ? (ਜੀਵ-ਹਤਿਆ ਦਾ ਨਿੰਦਤ ਕਰਮ ਕਰਨ ਦੇ ਬਾਵਜੂਦ) ਆਪਣੇ ਆਪ ਨੂੰ ਸ੍ਰੇਸ਼ਟ ਪੁਰਸ਼ (ਸੰਤ-ਖ਼ਾਲਸੇ) ਮੰਨਦੇ ਹੋ ਤਾਂ ਫਿਰ ਕਸਾਈ ਕਿਸ ਨੂੰ ਆਖੋਗੇ ?]

ਸਵਾਲ ਸਪੱਸ਼ਟ ਹੈ

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥ *(ਪੰਨਾ ੧੪੦)*

["ਜੇ (ਤਨ 'ਤੇ ਪਹਿਨੇ) ਕਪੜੇ ਉਤੇ ਖ਼ੂਨ ਦੀ ਛਿਟ ਪੈ ਜਾਏ ਤਾਂ ਪੁਸ਼ਾਕ ਅਪਵਿੱਤਰ ਹੋ ਗਈ ਸਮਝੀਦੀ ਹੈ, ਤਾਂ ਫਿਰ ਜਿਹੜੇ ਮਨੁੱਖ (ਮਾਸੂਮ ਜਾਨਵਰਾਂ ਨੂੰ ਮਾਰ ਕੇ ਮਾਸ ਦੇ ਰੂਪ ਵਿਚ ਉਹਨਾਂ ਦੀ) ਰਤ ਪੀਂਦੇ ਹਨ ਉਹਨਾਂ ਦਾ ਚਿਤ ਕਿਵੇਂ ਪਵਿੱਤਰ ਰਹਿ ਸਕਦਾ ਹੈ ?]

ਨੋਟ : ਉਪ੍ਰੋਕਤ ਅਰਥ ਗੁਰਬਾਣੀ ਦੇ ਲਗਮਾਤ੍ਰੀ ਨੇਮਾਂ ਅਤੇ ਸਲੋਕ ਦੇ ਪ੍ਰਸੰਗ ਅਨੁਸਾਰ ਹੈ। ਪ੍ਰਸੰਗਕ ਅਰਥ ਹੈ :

ਰਤ ਕਪੜੇ ਨੂੰ ਲਗੇ ਕਪੜਾ ਪਲੀਤ।
ਜੇ ਰਤ ਚਿਤ ਨੂੰ ਲਗੇ ਚਿਤ ਪਲੀਤ।

ਉਪ੍ਰੋਕਤ ਸਲੋਕ ਵਿਚ 'ਮਾਣਸਾ' ਸ਼ਬਦ ਦਾ ਉਚਾਰਣ ਬਿੰਦੇ ਰਹਿਤ ਹੈ ਅਤੇ ਵਿਆਕਰਣ ਅਨੁਸਾਰ ਇਹ ਕਰਤਾ ਕਾਰਕ ਬਹੁ-ਵਚਨ ਦਾ 'ਸਾਧਾਰਨ ਰੂਪ' ਹੈ।

ਮਾਸ-ਅਹਾਰੀ ਵੀਰ ਇਸ ਸ਼ਬਦ (ਮਾਣਸਾ) ਦਾ ਉਚਾਰਣ ਨਾਸਕੀ ਕਰਦੇ ਹਨ ਅਤੇ ਦਲੀਲ ਦੇਂਦੇ ਹਨ ਕਿ ਇਸ ਸਲੋਕ ਵਿਚ ਮਨੁੱਖਾਂ ਦੀ ਰਤ ਪੀਣ, ਭਾਵ, ਉਹਨਾਂ ਉਤੇ ਜ਼ੁਲਮ ਕਰਨ ਵਾਲਿਆਂ ਦੀ ਨਿਖੇਧੀ ਹੈ।

ਕੋਈ ਪੁੱਛੇ! ਮਨੁੱਖ ਨੂੰ ਤਾਂ ਚੂੰਢੀ ਵੀ ਵਢੀ ਜਾਏ ਤਾਂ ਉਸ ਦੀ ਰਤ ਪੀਤੀ ਮੰਨੀ ਜਾਂਦੀ ਹੈ, ਪਰ ਵਿਚਾਰੇ ਮਾਸੂਮ ਪਸ਼ੂ-ਪੰਛੀਆਂ ਦੀ ਸ਼ਾਹ-ਰਗ ਵੀ ਵਢੀ ਜਾਏ ਤਾਂ ਜ਼ੁਲਮ ਨਹੀਂ ਸਮਝਿਆ ਜਾਂਦਾ। ਕਿੰਨੇ ਪੱਖ-ਪਾਤੀ ਤੇ ਹੇਰਾ-ਫੇਰੀ ਵਾਲੇ ਅਰਥ ਕੀਤੇ ਜਾਂਦੇ ਹਨ!

ਜ਼ੁਲਮ ਭਾਵੇਂ ਮਨੁੱਖਾਂ ਉਤੇ ਹੋਵੇ ਜਾਂ ਪਸ਼ੂ-ਪੰਛੀਆਂ ਉਤੇ, ਨਿੰਦਤ ਕਰਮ ਹੈ, ਪਾਪ-ਕਰਮ ਹੈ। ਪਰ ਜ਼ੁਲਮ ਕਰ ਕੇ ਚਤੁਰਾਈਆਂ ਨਾਲ ਉਸ ਨੂੰ ਲੁਕਾਉਣ ਦਾ ਜਤਨ ਕਰਨਾ ਜਾਂ ਉਸ ਤੋਂ ਇਨਕਾਰੀ ਹੋਣਾ ਦੂਹਰਾ ਪਾਪ ਹੈ।

ਉਪ੍ਰੋਕਤ ਸਿੱਧੇ ਸਵਾਲ ਸਿੱਧਾ ਜਵਾਬ ਮੰਗਦੇ ਹਨ।

"ਅਖੇ ਜੀ! ਇਹ ਸਵਾਲ ਤਾਂ ਉਹਨਾਂ ਲਈ ਹਨ ਜੋ ਅੱਲਾ ਦੇ ਨਾਂ ਉਤੇ ਜੀਵਾਂ ਦੀ ਕੁਰਬਾਨੀ ਦੇਣ ਦਾ ਦਾਅਵਾ ਕਰਦੇ ਹਨ, ਪਰ ਜੀਭ ਦੇ ਚਸਕੇ ਅਧੀਨ ਉਹਨਾਂ ਦਾ ਮਾਸ ਆਪ ਖਾ ਪੀ ਜਾਂਦੇ ਹਨ ਤੇ ਏਸ ਤਰ੍ਹਾਂ ਰੱਬ ਨਾਲ ਠੱਗੀ ਕਰਦੇ ਹਨ।"

ਇਹ ਦਲੀਲ ਬਿਲਕੁਲ ਬੋਦੀ ਹੈ। ਰੱਬ ਨਾਲ ਠੱਗੀ ਤਾਂ ਓਦੋਂ ਹੀ ਹੋ ਗਈ ਜਦੋਂ ਕਿਸੇ ਖ਼ੁਦ-ਗ਼ਰਜ਼ ਮਨੁੱਖ ਨੇ ਆਪਾ-ਭਾਵ ਦੀ ਬਲੀ ਦੇਣ ਦੀ ਬਜਾਏ ਕਿਸੇ ਮਾਸੂਮ ਜੀਵ ਨੂੰ ਬਲੀ ਦਾ ਨਿਸ਼ਾਨਾ ਬਣਾ ਲਿਆ। ਸ੍ਰੀ ਕਬੀਰ ਜੀ ਨੇ ਦੀਰਘ ਦ੍ਰਿਸ਼ਟੀ ਨਾਲ ਅਨੁਭਵ ਕਰ ਲਿਆ ਸੀ ਕਿ ਮਨੁੱਖ ਦਾ ਜੀਵ-ਹਤਿਆ ਦਾ ਅਸਲੀ ਮੰਤਵ ਰੱਬ ਨੂੰ ਰੀਝਾਉਣਾ ਨਹੀਂ, ਸਗੋਂ ਜੀਭ ਦੀ ਚਸਕਾ-ਪੂਰਤੀ ਹੈ। ਆਪ ਫ਼ੁਰਮਾਉਂਦੇ ਹਨ:

ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ ॥
ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ ॥ *(ਪੰਨਾ ੪੮੩)*

[(ਮਾਸ ਦਾ ਚਸਕੋਰਾ ਮਨੁੱਖ) ਰੋਜ਼ਾ ਰਖਦਾ ਹੈ ਅਤੇ ਇਸ ਤਰ੍ਹਾਂ ਅੱਲਾ ਮੀਆਂ ਨੂੰ ਪ੍ਰਸੰਨ ਕਰਨ ਦਾ ਜਤਨ ਕਰਦਾ ਹੈ, ਪਰ ਜੀਭ ਦੇ ਚਸਕੇ ਅਧੀਨ ਮਾਸੂਮ ਜੀਵਾਂ ਦਾ ਸੰਘਾਰ ਕਰਦਾ ਹੈ।

ਆਪਾ (ਮਾਸ ਖਾਣ ਦਾ ਆਪਣਾ ਗ਼ਰਜ਼-ਗ੍ਰਸਤ ਪ੍ਰਯੋਜਨ) ਮੂਹਰੇ ਰਖਦਾ ਹੈ, ਹੋਰਨਾਂ (ਜੀਵਾਂ ਦੇ ਕਸ਼ਟ) ਵਲ ਗਹੁ ਨਹੀਂ ਕਰਦਾ। (ਇਹ ਧਰਤੀ ਦਾ ਸਰਦਾਰ ਮਨੁੱਖ) ਜੀਵ-ਹਤਿਆ ਦੀ ਝਖ ਕਿਉਂ ਮਾਰਦਾ ਹੈ ?]

ਮਾਸ ਦੇ ਚਸਕਾਲੂ ਵੀਰਾਂ ਨੂੰ ਆਪਣੀ ਜ਼ਮੀਰ ਨੂੰ ਟਟੋਲਣਾ ਬਣਦਾ ਹੈ ਕਿ ਕੀ ਉਹ ਵੀ ਸ੍ਰੀ ਕਬੀਰ ਜੀ ਦੇ ਕਥਨ ਅਨੁਸਾਰ ਝਖ ਤਾਂ ਨਹੀਂ ਮਾਰ ਰਹੇ, ਜਦੋਂ ਉਹ ਇਹ ਆਖਦੇ ਹਨ ਕਿ ਮਾਸ ਖਾਣ ਵਿਚ ਜੀਵਾਂ ਦਾ ਸੰਘਾਰ ਬਿਲਕੁਲ ਨਹੀਂ ਹੁੰਦਾ ? ਫਿਰ, ਆਪਣੇ ਜੀਵ-ਹਤਿਆ ਦੇ ਪਾਪ-ਕਰਮ ਉਤੇ ਪੜਦਾ ਪਾਉਣ ਲਈ ਝਟਕੇ/ਹਲਾਲ ਦਾ ਢਕਵੰਜ ਰਚ ਕੇ ਕੀ ਉਹ ਆਪਣੀ ਜ਼ਮੀਰ ਨਾਲ ਅਤੇ ਗੁਰਬਾਣੀ ਦੇ ਸਿਧਾਂਤ ਨਾਲ ਠੱਗੀ ਤਾਂ ਨਹੀਂ ਮਾਰ ਰਹੇ ?

ਝਟਕੇ ਅਤੇ ਹਲਾਲ ਦਾ ਖੜ-ਯੰਤਰ

ਜੀਵ-ਹਤਿਆ ਦੇ ਸੰਕਲਪ ਨੂੰ ਖ਼ੁਰਦ-ਬੁਰਦ ਕਰਨ ਲਈ ਮਾਸ ਖਾਣ ਦੇ ਮੁੱਦਈ ਵੀਰਾਂ ਨੇ ਝਟਕੇ ਅਤੇ ਹਲਾਲ ਦਾ ਖੜ-ਯੰਤਰ ਰਚਿਆ ਹੋਇਆ ਹੈ। ਜੇ ਜ਼ਰਾ ਦੀਰਘ ਅਤੇ ਨਿਰਪੱਖ ਦ੍ਰਿਸ਼ਟੀ ਨਾਲ ਵਿਚਾਰ ਕਰ ਕੇ ਵੇਖਿਆ ਜਾਵੇ ਤਾਂ ਸਥਿਤੀ ਨਿਖਰ ਕੇ ਸਪੱਸ਼ਟ ਹੋ ਜਾਂਦੀ ਹੈ ਕਿ ਅਸਲੀ ਮੁੱਦਾ ਜੀਵਾਂ ਨੂੰ ਮਾਰਨ ਦੇ ਢੰਗ-ਤਰੀਕੇ ਦਾ ਨਹੀਂ, ਸਗੋਂ ਸੁਇਅਮ ਜੀਵ-ਹਤਿਆ ਦਾ ਹੈ।

ਜੀਭ ਦੇ ਚਸਕੇ ਅਧੀਨ ਜੀਵ-ਹਤਿਆ-ਮਈ ਪਾਪ-ਕਰਮ ਕਮਾ ਕੇ ਪ੍ਰਾਪਤ ਕੀਤੇ ਮਾਸ ਨੂੰ ਜੇ ਕੋਈ ਚਤੁਰ-ਚਲਾਕ ਮੁਸਲਮਾਨ ਵੀਰ 'ਹਲਾਲ' ਆਖੇ ਅਤੇ ਕੋਈ ਸਿਖ ਵੀਰ ਉਸ ਨੂੰ 'ਮਹਾਂ-ਪ੍ਰਸ਼ਾਦ' ਆਖੇ ਤਾਂ ਇਹ ਉਹਨਾਂ ਦਾ ਫ਼ਜ਼ੂਲ ਢੌਂਗ ਹੈ ! ਕੋਰਾ ਪਰਪੰਚ ਹੈ !! ਸੱਚ ਪੁੱਛੋ ਤਾਂ ਇਹ ਆਪਣੇ ਆਪ ਨਾਲ ਧ੍ਰੋਹ ਕਮਾਉਣ ਵਾਲੀ, ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਵਾਲੀ ਅਤੇ ਧਾਰਮਿਕ ਸ਼ਬਦਾਵਲੀ ਦੀ (ਕੁਵਰਤੋਂ ਕਾਰਨ) ਖਿੱਲੀ ਉਡਾਉਣ ਵਾਲੀ ਕੁਹਜੀ ਹਰਕਤ ਹੈ। ਗੁਰਬਾਣੀ ਵਿਚਲੇ ਰੱਬੀ-ਇਲਹਾਮ ਅਨੁਸਾਰ ਜੀਵਾਂ ਦਾ ਮਾਲਕ ਅਜਿਹੇ ਢੁਚਰ-ਬਾਜ਼ ਲੋਕਾਂ ਤੋਂ ਇਸ ਪਾਪ-ਕਰਮ ਦਾ ਲੇਖਾ ਅਵੱਸ਼ ਲਵੇਗਾ। ਜ਼ਰਾ ਸੋਚ ਲੈਣ ! ਫਿਰ ਉਹਨਾਂ ਨਾਲ ਕੀ ਗੁਜ਼ਰੇਗੀ !!

ਕਬੀਰ ਜੀਅ ਜੁ ਮਾਰਹਿ ਜੋਰੁ ਕਰਿ
ਕਹਤੇ ਹਹਿ ਜੁ ਹਲਾਲੁ ॥
ਦਫਤਰੁ ਦਈ ਜਬ ਕਾਢਿ ਹੈ
ਹੋਇਗਾ ਕਉਨੁ ਹਵਾਲੁ ॥੧੯੯॥ *(ਪੰਨਾ ੧੩੭੫)*

ਅਜਿਹੇ ਚਾਤੁਰ ਵੀਰਾਂ ਦੀ ਗਿਆਤ ਲਈ ਗੁਰਬਾਣੀ ਰੱਬੀ-ਸੱਚ ਨਿਰੂਪਣ ਕਰਦੀ

ਹੈ ਕਿ 'ਹਰਾਮ' ਵਿਚ ਕਈ ਮਸਾਲੇ ਪਾਉਣ ਨਾਲ ਵੀ ਉਹ 'ਹਲਾਲ' ਨਹੀਂ ਹੋ ਸਕਦਾ, ਭਾਵ, ਮੰਦੀ ਨੀਯਤ ਅਧੀਨ ਕੀਤੇ ਕਿਸੇ ਮੰਦੇ ਕਰਮ (ਹਰਾਮ) ਉਤੇ ਪੜਦਾ ਪਾਉਣ ਲਈ ਜੇ ਕੋਈ ਉਤੋਂ ਉਤੋਂ ਰੱਬੀ ਕਲਾਮ ਪੜ੍ਹਨ ਦਾ ਢਕਵੰਜ ਰਚਦਾ ਹੈ ਤਾਂ ਉਹ 'ਮੰਦ', 'ਚੰਗ' ਵਿਚ ਕਿਵੇਂ ਬਦਲ ਸਕਦਾ ਹੈ?

ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥੨॥੭॥

(ਪੰਨਾ ੧੪੧)

ਵਿਵਾਦ-ਗ੍ਰਸਤ ਸ਼ਬਦਾਂ 'ਕੁਠਾ' 'ਹਲਾਲ' ਆਦਿ ਦਾ ਰਹੱਸ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਕਿਸੇ ਮਾਸ ਦੇ ਚਸਕਾਲੂ ਸ਼ੇਖ਼ ਨੂੰ ਸਮਝਾਉਂਦੇ ਹੋਏ ਫ਼ੁਰਮਾਉਂਦੇ ਹਨ:

" 'ਸਚ' ਦੀ ਛੁਰੀ ਹੋਵੇ, ਜਿਸ ਨੂੰ ਨਿਰੋਲ ਸਚ ਦਾ ਲੋਹਾ ਲੱਗਾ ਹੋਵੇ। ਫਿਰ ਉਹ ਛੁਰੀ ਗੁਰ-ਸ਼ਬਦ ਦੀ ਸਾਣ ਉਤੇ ਤਿੱਖੀ ਕੀਤੀ ਹੋਈ ਹੋਵੇ ਅਤੇ ਰੱਬੀ-ਗੁਣਾਂ ਦੇ ਗਿਆਨ ਵਿਚ ਸਾਂਭ ਕੇ ਰਖੀ ਹੋਈ ਹੋਵੇ।

ਅਜਿਹੀ ਅਪਰ ਅਪਾਰ ਘਾੜਤ ਵਾਲੀ ਛੁਰੀ ਨਾਲ ਜੇ ਕੋਈ ਸ਼ੇਖ਼ ਕੁਠਾ (ਕੋਹਿਆ) ਜਾਵੇ, ਫਿਰ ਉਸ ਦਾ ਲਬ-ਲੋਭ ਵਾਲਾ ਲਹੂ ਨਿਕਲਿਆ ਵੇਖੋ, ਭਾਵ, ਉਹ ਫਿਰ ਲਬ-ਲੋਭ ਦੀ ਮੰਦ-ਭਾਵਨਾ ਤੋਂ ਮੁਕਤ ਹੋ ਜਾਂਦਾ ਹੈ।

ਇਸ ਤਰ੍ਹਾਂ ਹਲਾਲ (ਲਬ-ਲੋਭ ਦੀ ਮੰਦ-ਭਾਵਨਾ ਤੋਂ ਮੁਕਤ) ਹੋ ਕੇ ਉਹ ਸ਼ੇਖ਼ ਸਚ-ਸਰੂਪ ਪ੍ਰਭੂ ਦੇ ਚਰਨੀਂ ਜਾ ਲਗਦਾ ਹੈ ਅਤੇ ਪ੍ਰਭੂ-ਦਰ ਉਤੇ ਉਸ ਦੇ ਦੀਦਾਰ ਵਿਚ ਜਾ ਸਮਾਉਂਦਾ ਹੈ।"

ਦਰਗਾਹੀ ਫ਼ੁਰਮਾਨ ਹੈ:

ਸਚ ਕੀ ਕਾਤੀ ਸਚੁ ਸਭੁ ਸਾਰੁ ॥
ਘਾੜਤ ਤਿਸ ਕੀ ਅਪਰ ਅਪਾਰ ॥
ਸਬਦੇ ਸਾਣ ਰਖਾਈ ਲਾਇ ॥
ਗੁਣ ਕੀ ਥੇਕੈ ਵਿਚਿ ਸਮਾਇ ॥
ਤਿਸ ਦਾ ਕੁਠਾ ਹੋਵੈ ਸੇਖੁ ॥
ਲੋਹੂ ਲਬੁ ਨਿਕਥਾ ਵੇਖੁ ॥
ਹੋਇ ਹਲਾਲੁ ਲਗੈ ਹਕਿ ਜਾਇ ॥
ਨਾਨਕ ਦਰਿ ਦੀਦਾਰਿ ਸਮਾਇ ॥੨॥੧੯॥

(ਵਾਰ ਰਾਮਕਲੀ, ਮ: ੧, ਪੰਨਾ ੯੫੬)

ਉਪ੍ਰੋਕਤ ਗੁਰ-ਉਪਦੇਸ਼ 'ਝਟਕੇ' 'ਹਲਾਲ' ਦਾ ਢਕਵੰਜ ਰਚਣ ਵਾਲਿਆਂ ਲਈ ਨਸੀਹਤ-ਆਮੇਜ਼ (ਸਿਖਿਆ ਦੇਣ ਵਾਲਾ) ਹੈ।

ਸੋ, ਮਨੁੱਖ ਨੂੰ ਚਾਹੀਏ ਕਿ ਉਹ ਸਚ ਦੀ ਖ਼ਾਤਰ ਆਪਣੇ ਆਪ ਦਾ ਬਲੀਦਾਨ ਦੇ ਕੇ, ਭਾਵ, ਆਪਾ-ਭਾਵ ਤੋਂ ਮੁਕਤ ਹੋ ਕੇ ਅਤੇ ਇੰਜ ਲਬ-ਲੋਭ ਦੀ ਵਾਸ਼ਨਾ ਤੋਂ ਛੁਟਕਾਰਾ ਪਾ ਕੇ ਖ਼ੁਦ ਹਲਾਲ (ਪਵਿਤਰ) ਹੋਵੇ, ਨਾ ਕਿ ਜੀਭ ਦੇ ਚਸਕੇ ਖ਼ਾਤਰ ਮਾਸੂਮ ਜੀਵਾਂ ਦੀ ਹਤਿਆ ਕਰ ਕੇ 'ਝਟਕੇ' 'ਹਲਾਲ' ਦਾ ਢੌਂਗ ਰਚੇ।

ਮਾਂਸ ਅਤੇ ਅੰਨ

ਮਾਸ ਖਾਣ ਦੇ ਮੁੱਦਈ ਵੀਰ ਦਲੀਲ ਦੇਂਦੇ ਹਨ ਕਿ ਅੰਨ-ਦਾਣੇ ਖਾਣ ਵਾਲੇ ਸਜਣ ਵੀ ਜੀਵ-ਹਤਿਆ ਦੇ ਦੋਸ਼ ਤੋਂ ਮੁਕਤ ਨਹੀਂ ਹੋ ਸਕਦੇ, ਕਿਉਂਜੁ ਅੰਨ-ਦਾਣਿਆਂ ਵਿਚ ਵੀ ਜੀਵ ਹੁੰਦੇ ਹਨ। ਉਹਨਾਂ ਦੀ ਇਹ ਦਲੀਲ ਵੀ 'ਮਰਦਿਆਂ ਦੇ ਤਰਲੇ' ਲੈਣ ਵਾਲੀ ਗੱਲ ਹੈ।

ਸਿਖ ਧਰਮ ਨਾ ਨਿਰੋਲ ਪਰਵਿਰਤੀ ਦਾ ਮਾਰਗ ਹੈ ਅਤੇ ਨਾ ਨਿਰੋਲ ਨਿਰਵਿਰਤੀ ਦਾ, ਸਗੋਂ ਇਹ ਪਰਵਿਰਤੀ ਵਿਚ ਨਿਰਵਿਰਤੀ ਦਾ ਸਹਜ-ਮਾਰਗ ਹੈ। ਰਿਜ਼ਕ ਰੱਬ ਨੇ ਦਿਤਾ ਹੈ, ਸੋ ਇਹ ਅਵੱਸ਼ ਖਾਣਾ ਹੈ ਅਤੇ ਖਾਣਾ ਜੀਵਨ-ਨਿਰਬਾਹ ਲਈ ਹੈ, ਨਾ ਕਿ ਜੀਭ ਦੇ ਚਸਕੇ ਅਧੀਨ। ਫਿਰ ਇਹ ਅੰਨ ਖਾਣਾ ਹੈ ਨਾਮ ਜਪ ਕੇ ਜੀਵਨ ਸਫਲ ਕਰਨ ਲਈ। ਗੁਰਬਾਣੀ ਇਸ ਦੀ ਆਗਿਆ ਦੇਂਦੀ ਹੈ:

ਆਦਿ ਪੁਰਖ ਤੇ ਹੋਇ ਅਨਾਦਿ॥ ਜਪੀਐ ਨਾਮੁ ਅੰਨ ਕੈ ਸਾਦਿ॥

ਅੰਨ ਖਾਣ ਵਾਲਾ ਮਨੁੱਖ ਹਰਗਿਜ਼ ਹਤਿਆਰਾ ਨਹੀਂ, ਜਿਵੇਂ ਗ੍ਰਹਸਤੀ ਮਨੁੱਖ ਭੋਗੀ ਹੋਣ ਦੇ ਬਾਵਜੂਦ ਧਰਮੀ ਹੈ, ਵਿਕਾਰੀ ਨਹੀਂ। ਹਾਂ, ਪਰ-ਗ੍ਰਿਹ ਦੀ ਝਾਕ ਅਵੱਸ਼ ਵਿਕਾਰੀ ਕਰਮ ਹੈ। ਅੰਨ-ਦਾਣੇ ਖਾਣ ਅਤੇ ਮਾਸ ਖਾਣ ਵਿਚ ਵੀ ਉਹੋ ਹੀ ਫ਼ਰਕ ਹੈ ਜੋ ਇਕ ਧਰਮੀ ਗ੍ਰਿਹਸਤੀ ਮਨੁੱਖ ਅਤੇ ਪਰ-ਤਨ-ਗਾਮੀ ਵਿਕਾਰੀ ਮਨੁੱਖ ਵਿਚ ਹੈ।

ਫਿਰ ਕੇਸਾਂ ਨੂੰ ਕੰਘਾ ਕਰਨ ਵਾਲਾ ਸਿਖ ਪਤਿਤ ਨਹੀਂ, ਸਗੋਂ ਰਹਿਤਵਾਨ ਗਰਦਾਨਿਆ ਜਾਂਦਾ ਹੈ, ਭਾਵੇਂ ਕੰਘਾ ਕਰਨ ਨਾਲ ਕੁਝ ਮੁਰਦਾ ਕੇਸ ਅਵੱਸ਼ ਝੜਦੇ ਹਨ। ਦੂਜੇ ਪਾਸੇ ਫ਼ੈਸ਼ਨ-ਅਧੀਨ ਕੇਸਾਂ ਨੂੰ ਕੈਂਚੀ ਆਦਿ ਨਾਲ ਕਟਣ ਵਾਲਾ ਸਿਖ 'ਪਤਿਤ' ਹੁੰਦਾ ਹੈ। ਸੋ, ਅੰਨ-ਦਾਣੇ ਖਾਣ ਅਤੇ ਮਾਸ ਖਾਣ ਵਿਚ ਓਹੋ ਹੀ ਫ਼ਰਕ ਹੈ ਜੋ ਕੰਘਾ ਕਰਨ ਵਾਲੇ ਰਹਿਤਵਾਨ ਸਿਖ ਵਿਚ ਅਤੇ ਕੇਸ ਕਤਲ ਕਰਨ ਵਾਲੇ ਪਤਿਤ-ਕਰਮੀ ਸਿਖ ਵਿਚ।

ਗੁਰਬਾਣੀ ਹੇਠ ਲਿਖੇ ਸਲੋਕ ਵਿਚ ਅੰਨ-ਦਾਣੇ ਅਤੇ ਮਾਸ, ਇਹਨਾਂ ਦੋਹਾਂ ਦਾ ਵਰਣਨ ਕਰ ਕੇ ਅੰਨ-ਦਾਣਿਆਂ ਦੇ ਸੇਵਨ ਦੀ ਆਗਿਆ ਦੇਂਦੀ ਹੈ ਅਤੇ ਜੀਵਾਂ ਦਾ ਗਲਾ ਵਢ ਕੇ ਮਾਸ-ਭੋਜਨ ਖਾਣ 'ਤੇ ਪ੍ਰਸ਼ਨ ਚਿੰਨ੍ਹ ਲਾਉਂਦੀ ਹੈ:

ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥੧੮੮॥ *(ਪੰਨਾ ੧੩੭੪)*

[ਹੇਰਾ ਰੋਟੀ—ਮਾਸ ਭੋਜਨ]

ਨਿਰਣਾ ਬਿਲਕੁਲ ਸਪੱਸ਼ਟ ਹੈ, ਕੋਈ ਮੰਨੇ ਭਾਵੇਂ ਨਾ।

ਜਦੋਂ ਗੁਰਬਾਣੀ ਦੇ ਅਨੁਸ਼ਾਸਨ-ਸਿਕੰਜੇ ਵਿਚੋਂ ਨਿਕਲਣ ਦਾ ਕੋਈ ਰਾਹ-ਰਸਤਾ ਨਹੀਂ ਸੁਝਦਾ ਤਾਂ ਮਾਸ ਖਾਣ ਦੇ ਪੱਖੀ ਵੀਰ ਛਿੱਥੈ ਪੈ ਕੇ ਹੋਛੇ ਹਥਿਆਰਾਂ ਉਤੇ ਉਤਰ ਆਉਂਦੇ ਹਨ ਅਤੇ ਬੇ-ਥਵੀ ਹੁੱਜਤ ਭੇੜਦੇ ਹਨ ਕਿ ਇਹ ਮਾਸ-ਵਿਰੋਧੀ ਵਿਚਾਰਧਾਰਾ ਤਾਂ ਭਗਤ ਕਬੀਰ ਜੀ ਦੀ ਹੈ। ਮਾਸ-ਚਸਕੇ ਦੇ ਲੋਰ ਵਿਚ ਇਹ ਵੀਰ ਭੁੱਲ ਜਾਂਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸਮੱਗਰ ਬਾਣੀ 'ਗੁਰੂ-ਰੂਪ' ਹੈ। ਇਹ ਸਤਿਗੁਰੂ ਜੀ ਦੀ ਨਿੱਜੀ ਰਚਨਾ ਹੈ ਜਾਂ ਫਿਰ ਆਤਮ-ਦਰਸੀ ਭਗਤਾਂ ਅਤੇ ਭੱਟਾਂ ਦੀ ਰਚਨਾ ਹੈ, ਜਿਸ ਨੂੰ ਸ੍ਰੀ ਹਜ਼ੂਰ ਨੇ ਪ੍ਰਵਾਨ ਕਰ ਕੇ ਪਾਵਨ ਬੀੜ ਵਿਚ ਖ਼ੁਦ ਚੜ੍ਹਾਇਆ। ਸੋ, ਬਾਣੀ ਵਿਚਲੇ ਕਿਸੇ ਉਪਦੇਸ਼ ਉਤੇ ਕਿਸੇ ਕਿਸਮ ਦਾ ਕਿੰਤੂ ਕਰਨਾ 'ਕੁਫ਼ਰ' ਤੁਲ ਹੈ। ਸਤਿਗੁਰਾਂ ਦੇ ਅਦਬ ਵਜੋਂ ਅਤੇ ਨਿਜੀ ਕਲਿਆਣ ਲਈ ਸਮੱਗਰ ਗੁਰਬਾਣੀ ਨੂੰ ਸਤਿ ਸਤਿ ਕਰ ਕੇ ਮੰਨਣਾ ਹਰ ਗੁਰਸਿੱਖ ਦਾ ਪਰਮ-ਧਰਮ ਹੈ:

ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥
ਗੁਰਮੁਖਿ ਹੋਇ ਸੁ ਭਉ ਕਰੇ ਆਪਣਾ ਆਪੁ ਪਛਾਣੈ ॥੧॥੧੨॥

(ਵਾਰ ਸੋਰਠਿ, ਸਲੋਕ ਮ: ੩, ਪੰਨਾ ੬੪੭)

ਮਾਸ-ਅਹਾਰ ਵਧੀਆ ਭੋਜਨ

ਮਾਸ-ਅਹਾਰੀ ਵੀਰ ਇਕੋ ਹੀ ਰਟ ਲਾਈ ਜਾਂਦੇ ਹਨ ਕਿ ਸਿਖ ਧਰਮ ਵਿਚ ਖਾਣ ਪੀਣ ਸੰਬੰਧੀ ਕੋਈ ਪਾਬੰਦੀ ਨਹੀਂ। ਇਹ ਕੋਰਾ ਝੂਠ ਹੈ। ਕੋਈ ਪੁੱਛੇ! ਕੀ ਸਿਖ ਧਰਮ ਵਿਚ ਤਮਾਕੂ, ਭੰਗ, ਅਫ਼ੀਮ, ਸ਼ਰਾਬ ਆਦਿ ਦੇ ਸੇਵਨ 'ਤੇ ਕੋਈ ਪਾਬੰਦੀ ਨਹੀਂ? ਗੁਰਬਾਣੀ ਵਿਚ ਤਾਂ ਇਹਨਾਂ ਦੇ ਸੇਵਨ ਦੀ ਸਪੱਸ਼ਟ ਮਨਾਹੀ ਹੈ, ਇਹ ਵੱਖਰੀ ਗੱਲ ਹੈ ਕਿ ਕੁਝ ਆਪ-ਹੁਦਰਾ ਅਨਸਰ ਸ਼ਰਾਬ ਨੂੰ ਪੰਜ-ਰਤਨੀ ਅਤੇ ਭੰਗ ਨੂੰ ਸੁਖ-ਨਿਧਾਨ ਦਾ ਨਾਂ ਦੇ ਕੇ ਇਹਨਾਂ ਦੇ ਗਫੇ ਲਾਈ ਜਾਂਦਾ ਹੈ। ਅਜਿਹੀ ਹੀ ਸਥਿਤੀ ਮਾਸ ਸੰਬੰਧੀ ਹੈ। ਗੁਰਬਾਣੀ ਦਾ ਫ਼ੁਰਮਾਨ ਇਸ ਪ੍ਰਕਾਰ ਹੈ:

ਕਬੀਰ ਭਾਂਗ ਮਾਛੁਲੀ ਸੁਰਾਪਾਨਿ ਜੋ ਜੋ ਪ੍ਰਾਨੀ ਖਾਂਹਿ ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥੨੩੩॥ *(ਪੰਨਾ ੧੩੭੭)*

ਮੱਛੀ (ਮਾਸ) ਸੇਵਨ ਸੰਬੰਧੀ ਗੁਰਬਾਣੀ ਦੇ ਨਿਸ਼ੇਧਾਤਮਿਕ ਹੁਕਮਾਂ ਦੇ ਬਾਵਜੂਦ

ਕਈ ਵੀਰ ਇਸ ਨੂੰ 'ਮਹਾ-ਪ੍ਰਸ਼ਾਦ' ਦਾ ਨਾਂ ਦੇ ਕੇ ਇਸ ਨਿੰਦਤ ਪਦਾਰਥ ਦਾ ਸੇਵਨ ਕਰ ਕੇ ਇਕ ਪਾਸੇ ਤਾਂ ਗੁਰਬਾਣੀ ਦੇ ਹੁਕਮਾਂ ਦੀ ਉਲੰਘਣਾ ਕਰਦੇ ਹਨ, ਦੂਜੇ ਪਾਸੇ ਇਸ ਨੂੰ 'ਮਹਾ-ਪ੍ਰਸ਼ਾਦ' ਦੀ ਸੰਗਿਆ ਦੇਣ ਦੀ ਠੱਗੀ ਮਾਰਦੇ ਹਨ, ਜਦ ਕਿ ਗੁਰਬਾਣੀ ਵਿਚ ਇਸ ਨੂੰ 'ਮੁਰਦਾਰ' ਅਤੇ 'ਕਰੰਗ-ਬਿਖੁ' ਕਰਕੇ ਵਰਣਾਇਆ ਮਿਲਦਾ ਹੈ। ਜੇ ਕੋਈ ਸਾਧਾਰਨ ਮਨੁੱਖ ਮਾਸ ਨੂੰ ਵਧੀਆ ਭੋਜਨ ਜਾਂ 'ਮਹਾ-ਪ੍ਰਸ਼ਾਦ' ਆਖੇ ਤਾਂ ਉਸ ਦੀ ਅਗਿਆਨਤਾ ਉਤੇ ਤਰਸ ਆਉਂਦਾ ਹੈ। ਪਰ ਜਦੋਂ ਕਿਸੇ ਮਿਸ਼ਨਰੀ ਸੰਸਥਾ ਦਾ ਕੋਈ ਮੁਖੀਆ ਇਹ ਗੱਲ ਆਖੇ ਤਾਂ ਉਸ ਦੀ ਸੂਝ-ਬੂਝ ਉਤੇ ਰੋਣ ਆਉਂਦਾ ਹੈ।

ਉਪ੍ਰੋਕਤ ਸਲੋਕ ਦੇ ਅਰਥਾਂ ਦੀ ਹੇਰਾ-ਫੇਰੀ ਕਰਦੇ ਹੋਏ ਮਾਸ-ਅਹਾਰੀ ਵੀਰ ਇਹ ਦਲੀਲ ਦੇਂਦੇ ਹਨ ਕਿ ਇਸ ਵਿਚ ਤਾਂ ਕੇਵਲ ਸੁਰਾਪਾਨੀ (ਸ਼ਰਾਬ ਪੀਣ ਵਾਲੇ) ਮਨੁੱਖਾਂ ਲਈ 'ਭਾਂਗ', 'ਮਾਛੁਲੀ' ਦੇ ਸੇਵਨ ਦੀ ਮਨਾਹੀ ਦਾ ਸੰਕੇਤ ਹੈ। ਚਲੋ! ਜੇ ਉਹਨਾਂ ਦੀ ਇਹ ਦਲੀਲ ਮੰਨ ਵੀ ਲਈਏ ਤਾਂ ਕੀ ਜਿਹੜੀ ਨਿੰਦਤ ਵਸਤੂ ਦੀ ਸ਼ਰਾਬੀਆਂ ਲਈ ਵੀ ਮਨਾਹੀ ਹੈ ਉਹ ਰਹਿਤਵਾਨ ਖ਼ਾਲਸੇ ਲਈ ਕਿਵੇਂ ਜਾਇਜ਼ ਹੋਈ?

ਅਣਹੋਣੀ ਕਪੋਲ-ਕਲਪਨਾ

ਹਡ ਚੱਬਣ (ਮਾਸ ਭਸ਼ਣ ਕਰਨ) ਦੇ ਮੁੱਦਈ ਵੀਰਾਂ ਨੇ ਵੀਹਵੀਂ ਸਦੀ ਦੀਆਂ ਸਾਰੀਆਂ ਵਿਗਿਆਨਿਕ ਲਭਤਾਂ (ਖੋਜਾਂ) ਨੂੰ ਮਾਤ ਪਾਉਣ ਵਾਲੀ ਇਕ ਸੁਪਰ-ਵਿਗਿਆਨਿਕ ਖੋਜ ਲਭੀ ਹੈ। ਉਹ ਇਹ ਕਿ :

"ਮਨੁੱਖ ਕੋਲ ਇਕ ਅਜਿਹੀ ਸ਼ਕਤੀ ਹੈ ਜਿਹੜੀ ਸੰਸਾਰ ਦੇ ਕਿਸੇ ਹੋਰ ਜੀਵ ਕੋਲ ਨਹੀਂ। ਉਹ ਅਦਭੁਤ ਸ਼ਕਤੀ 'ਮਨ' ਹੈ।......ਇਹ ਅਦਭੁਤ ਸ਼ਕਤੀ ਵਾਲਾ ਮਨ ਪਸ਼ੂ-ਪੰਛੀ ਕੋਲ ਨਹੀਂ ਹੈ।......ਦੁਖ ਜਾਂ ਸੁਖ ਕੇਵਲ ਮਨ ਨੂੰ ਹੀ ਹੁੰਦਾ ਹੈ, ਸਰੀਰ ਤਾਂ ਕੇਵਲ ਪੀੜ ਮੰਨਦਾ ਜਾਂ ਆਰਾਮ ਅਨੁਭਵ ਕਰਦਾ ਹੈ। 'ਮਨ' ਦੀ ਅਣਹੋਂਦ ਨੇ ਪਸ਼ੂ-ਪੰਛੀਆਂ ਨੂੰ ਹਰਖ ਸੋਗ ਤੋਂ ਰਹਿਤ ਕਰ ਦਿਤਾ ਹੋਇਆ ਹੈ।.....ਪਸ਼ੂਆਂ ਨੂੰ ਚਿੰਤਾ ਕਿਵੇਂ ਹੋਵੇ? ਉਹਨਾਂ ਕੋਲ ਫ਼ਿਕਰ ਕਰਨ ਵਾਲਾ ਮਨ ਤਾਂ ਹੈ ਈ ਨਹੀਂ।"

ਵੱਖ ਵੱਖ ਕੋਸ਼ਾਂ ਅਨੁਸਾਰ 'ਮਨ' ਦੀ ਪ੍ਰੀਭਾਸ਼ਾ ਹੈ "ਸੰਕਲਪ ਵਿਕਲਪ ਕਰਨ ਵਾਲਾ ਇੰਦਰਾ"। 'ਮਨ' ਗਿਆਨ-ਇੰਦਰਿਆਂ ਅਤੇ ਕਰਮ-ਇੰਦਰਿਆਂ ਦਾ ਕੰਟ੍ਰੋਲਰ ਹੈ ਤੇ ਪ੍ਰਬਲ ਸ਼ਕਤੀ ਦਾ ਮਾਲਕ ਹੈ। ਸਰੀਰ ਵਿਚਲੀ ਆਤਮਾ ਤਾਂ ਹਰਖ ਸੋਗ ਦੁਖ ਸੁਖ ਤੋਂ ਨਿਰਲੇਪ ਹੈ, ਪਰ ਇਹ ਜਜ਼ਬੇ ਮਨ ਨੂੰ ਅਵੱਸ਼ ਵਿਆਪਦੇ ਹਨ। ਮਨ ਸਾਰੇ ਚੇਤਨ ਜੀਵ ਜੰਤੂਆਂ ਵਿਚ ਹੁੰਦਾ ਹੈ, ਜਿਸ ਸਦਕਾ ਕੀ ਮਨੁੱਖ ਅਤੇ ਕੀ ਪਸ਼ੂ-ਪੰਛੀ, ਇਹ ਸਾਰੇ ਦੁਖ ਸੁਖ ਅਤੇ ਹਰਖ ਸੋਗ ਨੂੰ ਮਹਿਸੂਸ ਕਰਦੇ ਹਨ। ਪਿਆਰ ਅਤੇ ਘਿਰਣਾ ਦੇ ਜਜ਼ਬੇ ਮਨੁੱਖਾਂ ਵਾਂਗ ਪਸ਼ੂ-ਪੰਛੀਆਂ ਵਿਚ ਵੀ ਇਕ-ਸਾਰ ਉਭਰਦੇ ਹਨ। ਇਹ ਤੱਥ

ਸਾਡੇ ਨਿਤਾਪ੍ਰਤਿ ਦੇ ਜੀਵਨ ਵਿਚ ਸਾਖਿਆਤਕਾਰ ਹੁੰਦਾ ਹੈ।

ਕਿਸੇ ਕੁੱਤੇ ਨੂੰ ਸੋਟੀ ਮਾਰੋ, ਉਹ ਪੀੜ ਕਾਰਨ 'ਟਊਂ-ਟਊਂ' ਕਰਦਾ ਹੈ, ਪਰ ਜੇ ਕਿਸੇ ਕੁੱਤੇ ਨੂੰ ਜ਼ਰਾ ਪਲੋਸੋ ਤਾਂ ਉਹ ਪ੍ਰਸੰਨਤਾ ਅਤੇ ਕ੍ਰਿਤੱਗਤਾ ਦਾ ਪ੍ਰਗਟਾਵਾ ਕਰਦਾ ਹੋਇਆ ਤੁਹਾਡੇ ਪੈਰ ਚਟਦਾ ਹੈ।

ਸੋ, ਜੀਵਾਂ 'ਤੇ ਜ਼ੋਰ-ਜ਼ੁਲਮ ਕਰਨ ਲਈ ਇਹ ਢੁਚਰ ਘੜ ਲੈਣੀ ਕਿ ਮਨ ਦੀ ਅਣਹੋਂਦ ਕਾਰਨ ਪਸ਼ੂ-ਪੰਛੀ ਹਰਖ ਸੋਗ ਦੀ ਭਾਵਨਾ ਤੋਂ ਵਿਰਵੇ ਹਨ, ਇਹ ਮਾਸ-ਅਹਾਰੀ ਵੀਰਾਂ ਦੀ ਸਰਾਸਰ ਸੀਨਾ-ਜ਼ੋਰੀ ਹੈ ਅਤੇ ਅਸ਼ਰਫ਼ੁਲ-ਮਖ਼ਲੂਕਾਤ ਹੋਣ ਦਾ ਨਾਜਾਇਜ਼ ਲਾਭ ਉਠਾਉਣ ਵਾਲੀ ਮੰਦੀ ਹਰਕਤ ਹੈ।

ਅਸਲ ਵਿਚ ਮਨੁੱਖ ਦੀ ਪਸ਼ੂ-ਪੰਛੀਆਂ ਉਤੇ ਸਰਦਾਰੀ ਉਸ ਦੀ ਵਿਕਸਿਤ ਬੁੱਧੀ ਦੇ ਸਿਰ ਸਦਕੇ ਹੈ। ਬੁੱਧੀ ਤਾਂ ਨਿਰਸੰਦੇਹ ਪਸ਼ੂ-ਪੰਛੀਆਂ ਕੋਲ ਵੀ ਹੈ, ਪਰ ਉਹਨਾਂ ਦੇ ਮੁਕਾਬਲੇ ਮਨੁੱਖ ਦੀ ਬੁੱਧੀ ਕਿਤੇ ਵਧੇਰੇ ਵਿਕਸਿਤ ਹੈ। ਇਸ ਵਿਕਸਿਤ ਬੁੱਧੀ ਦਾ ਸੁਆਮੀ ਹੋਣ ਦੇ ਨਾਤੇ ਉਸ ਨੂੰ ਬੁੱਧੀਮਾਨ ਹੋਣ ਦਾ ਸਬੂਤ ਦੇਣਾ ਬਣਦਾ ਹੈ, ਪਰ ਜੇ ਵਿਕਸਿਤ ਬੁੱਧੀ ਦਾ ਸੁਆਮੀ 'ਮਨੁੱਖ' ਜੀਵ-ਰਚਨਾ ਦੀ ਸਰਦਾਰੀ ਦੇ ਹੰਕਾਰ ਵਿਚ ਆਫਰਿਆ ਹੋਇਆ ਬਾਕੀ ਜੀਵ-ਜੰਤੂਆਂ ਉਤੇ ਜੀਭ ਦੇ ਚਸਕੇ ਅਧੀਨ ਜ਼ੋਰ-ਜ਼ੁਲਮ ਵੀ ਕਰੇ ਅਤੇ ਵਿਕਸਿਤ ਬੁੱਧੀ ਦੀ ਕੁਵਰਤੋਂ ਕਰ ਕੇ ਚੇਤਨ ਸ਼੍ਰੇਣੀਆਂ ਦੇ ਜੀਵ-ਜੰਤੂਆਂ ਨੂੰ ਆਪਣੇ ਪਾਪ-ਕਰਮ 'ਤੇ ਪੜਦਾ ਪਾਉਣ ਲਈ ਜੜ-ਸ਼੍ਰੇਣੀ ਵਿਚ ਸ਼ਾਮਲ ਕਰਨ ਲਈ ਅਣਹੋਣੀਆਂ ਢੁਚਰਾਂ ਘੜੇ ਤਾਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਉਸ ਪਾਸ ਆਪਣੇ ਪੱਖ ਵਿਚ ਕੋਈ ਨਿਗਰ ਦਲੀਲ ਨਹੀਂ, ਉਹ ਕੇਵਲ ਹਠ-ਧਰਮੀ ਕਾਰਨ ਬੇਥਵੀਆਂ ਮਾਰ ਰਿਹਾ ਹੈ।

ਅੰਤ ਵਿਚ ਮੈਂ ਇਹ ਕਥਨ ਫਿਰ ਦੁਹਰਾਉਣਾ ਉਚਿਤ ਸਮਝਦਾ ਹਾਂ ਕਿ ਵਿਵਾਦ-ਗ੍ਰਸਤ ਮਸਲਾ ਮਾਸ-ਸਾਗ ਦੇ ਨਿਰਣੇ ਨਾਲ ਸੰਬੰਧਤ ਝਗੜਾ ਬਿਲਕੁਲ ਨਹੀਂ, ਅਸਲੀ ਮੁੱਦਾ ਜੀਭ ਦੇ ਚਸਕੇ ਅਧੀਨ ਜੀਵ-ਸੰਘਾਰ ਦਾ ਹੈ। ਗੁਰਬਾਣੀ ਦੇ ਪ੍ਰਮਾਣਾਂ ਦੀ ਰੌਸ਼ਨੀ ਵਿਚ ਦ੍ਰਿੜ੍ਹਤਾ ਤੇ ਨਿਸਚੇ ਨਾਲ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਜੀਵਨ-ਨਿਰਬਾਹ ਲਈ ਅਤੇ ਨਾਮ ਜਪ ਕੇ ਜੀਵਨ ਸਫਲ ਕਰਨ ਲਈ ਅੰਨ-ਭੋਜਨ ਖਾਣ ਦੀ ਆਗਿਆ ਦੇਂਦੀ ਹੈ, ਪਰ ਜੀਭ ਦੇ ਚਸਕੇ ਅਧੀਨ ਜੀਵਾਂ ਦਾ ਗਲਾ ਵਢ ਕੇ ਮਾਸ-ਭੋਜਨ ਖਾਣ ਦੀ ਮਨਾਹੀ ਕਰਦੀ ਹੈ।

ਅੰਮ੍ਰਿਤਸਰ — ਜੋਗਿੰਦਰ ਸਿੰਘ 'ਤਲਵਾੜਾ'

੧੫ ਅਗਸਤ, ੧੯੯੭

ਜਉ ਸਭ ਮਹਿ ਏਕੁ ਖੁਦਾਇ ਕਹਤ ਹਉ
ਤਉ ਕਿਉ ਮੁਰਗੀ ਮਾਰੈ ?

ਸ਼ਰਾਬ ਕਬਾਬ—ਦੁਨੀਆ ਦੇ ਮੰਨੇ-ਪ੍ਰਮੰਨੇ ਐਬ

ਸ਼ਰਾਬ ਅਤੇ ਕਬਾਬ ਸੰਸਾਰ ਦੇ ਮੰਨੇ-ਪ੍ਰਮੰਨੇ ਐਬ ਹਨ। ਇਨ੍ਹਾਂ ਐਬਾਂ ਦਾ ਸ਼ਿਕਾਰ ਹੋ ਕੇ ਕਈ ਖ਼ਾਨਦਾਨ, ਕਈ ਕੌਮਾਂ ਅਤੇ ਕਈ ਮੁਲਕ ਤਹਿਸ ਨਹਿਸ ਹੋ ਗਏ ਹਨ। ਇਹ ਚਸਕੇ ਏਨੇ ਸਬੱਲ ਅਤੇ ਪ੍ਰਬਲ ਹਨ ਕਿ ਇਨ੍ਹਾਂ ਦੀ ਮਾਰ ਤੋਂ ਵੱਡੇ ਵੱਡੇ ਦਿਮਾਗ਼ੀ ਤੌਰ ਤੇ ਸਿਆਣੇ ਮਨੁੱਖ ਵੀ ਨਹੀਂ ਬਚ ਸਕੇ। ਇਨ੍ਹਾਂ ਦੇ ਹੀ ਚਸਕਾਲੂ ਕਈ ਵਿਅਕਤੀਆਂ ਨੇ ਇਨ੍ਹਾਂ ਦੀ ਵਰਤੋਂ ਧਾਰਮਿਕ ਤੌਰ 'ਤੇ ਸਿਧ ਕਰਨ ਦੇ ਵੀ ਯਤਨ ਕੀਤੇ ਹਨ ਤੇ ਮਾਸ ਖਾਣ ਨੂੰ ਖਾਲਸਾ ਰਹਿਤ ਦਾ ਅੰਗ ਬਣਾਏ ਜਾਣ ਦਾ ਧੋਖਾ (Fraud) ਕੀਤਾ ਹੈ। ਇਸੇ ਕਾਰਨ ਗੁਰਬਾਣੀ ਦੀ ਰੌਸ਼ਨੀ ਵਿਚ ਇਸ ਮਸਲੇ ਨੂੰ ਨਿਤਾਰਨ ਦੀ ਲੋੜ ਪਈ ਹੈ।

ਸ਼ਰਾਬ ਕਬਾਬ ਦੀ ਖੁਲ੍ਹ ਖੇਡ—ਜ਼ਿੰਮੇਵਾਰ ਕੌਣ ?

ਬੜੇ ਅਚੰਭੇ ਦੀ ਗੱਲ ਹੈ ਕਿ ਸਿਖ ਜਨਤਾ ਵੀ ਇਨ੍ਹਾਂ ਐਬਾਂ—ਸ਼ਰਾਬ ਤੇ ਕਬਾਬ ਦੀ ਮਾਰ ਤੋਂ ਨਹੀਂ ਬਚ ਸਕੀ, ਜਿਸ ਦੇ ਫਲ-ਸਰੂਪ ਕੌਮ ਦੀ ਢਹਿੰਦੀ ਕਲਾ ਹੋਈ ਹੈ ਅਤੇ ਅਜਿਹੀ ਨਿਘਰੀ ਦਸ਼ਾ ਸਿਖ ਕੌਮ ਦੀ ਨਮੋਸ਼ੀ ਦਾ ਕਾਰਨ ਬਣ ਰਹੀ ਹੈ। ਕੌਮ ਦੇ ਜ਼ਿੰਮੇਵਾਰ ਵਿਅਕਤੀ ਇਸ ਦਸ਼ਾ ਦੀ ਜ਼ਿੰਮੇਵਾਰੀ ਪੇਂਡੂ ਜਨਤਾ 'ਤੇ ਸੁਟਦੇ ਹਨ ਅਤੇ ਇਸ ਦਾ ਕਾਰਨ ਉਨ੍ਹਾਂ ਦੀ ਅਨਪੜ੍ਹਤਾ ਅਤੇ ਉਨ੍ਹਾਂ ਵਿਚ ਪਰਚਾਰ ਦੀ ਘਾਟ ਦੱਸਦੇ ਹਨ। ਕਿਸੇ ਹੱਦ ਤਕ ਇਹ ਨਿਰਣਾ ਠੀਕ ਵੀ ਮੰਨਿਆ ਜਾ ਸਕਦਾ ਹੈ, ਪਰ ਇਸ ਤੋਂ ਵੱਡਾ, ਅਸਲ ਵਿਚ ਇਕ ਹੋਰ ਕਾਰਨ ਹੈ, ਅਤੇ ਉਹ ਇਹ ਹੈ ਕਿ ਕੌਮ ਦੇ ਮੁਹਾਣੇ, ਅਖੌਤੀ ਪਰਚਾਰਕ ਅਤੇ ਧਰਮ ਦੇ ਖੇਤਰ ਵਿਚ ਕੰਮ ਕਰਨ ਵਾਲੇ ਕੁਝ ਵਿਅਕਤੀ ਇਨ੍ਹਾਂ ਦੋ ਐਬਾਂ—ਸ਼ਰਾਬ ਤੇ ਕਬਾਬ ਵਿਚ ਨਿਜੀ ਤੌਰ 'ਤੇ ਪਰਵਿਰਤ ਹਨ। ਆਪਣੇ ਐਬਾਂ

ਉਤੇ ਪੜਦਾ ਪਾਣ ਦੀ ਭਾਵਨਾ ਅਧੀਨ ਉਹ ਖੁਲ੍ਹਮ-ਖੁਲ੍ਹਾ ਇਹ ਪਰਚਾਰ ਕਰਦੇ ਹਨ ਕਿ ਸ਼ਰਾਬ ਤੇ ਕਬਾਬ ਦੀ ਵਰਤੋਂ ਸਿਖ ਧਰਮ ਵਿਚ ਵਿਵਰਜਿਤ ਨਹੀਂ, ਅਥਵਾ ਪਤਿਤ ਕਰਮ ਨਹੀਂ ਹੈ। ਕਈ ਭੱਦਰ ਪੁਰਸ਼ ਤਾਂ ਅਰਦਾਸ ਕਰ ਕੇ ਮਾਸ ਅਤੇ ਭੰਗ ਦਾ ਭੋਗ ਗੁਰੂ ਮਹਾਰਾਜ ਜੀ ਨੂੰ ਲਵਾਉਣ ਤਕ ਵੀ ਜਾਂਦੇ ਹਨ ਅਤੇ ਮਗਰੋਂ ਇਨ੍ਹਾਂ ਨਿੰਦਤ ਪਦਾਰਥਾਂ ਨੂੰ ਪ੍ਰਸ਼ਾਦ ਆਖ ਕੇ ਵਰਤਾਉਂਦੇ ਹਨ। ਜੇ ਕਿਸੇ ਨੂੰ ਇਸ ਕਥਨ ਉਤੇ ਕੋਈ ਸ਼ੱਕ ਹੋਵੇ ਤਾਂ ਉਹ ਆਪਣੇ ਅੱਖੀਂ ਅਜਿਹਾ ਨਜ਼ਾਰਾ ਹਰ ਸਾਲ ਹੋਲੇ ਮਹੱਲੇ 'ਤੇ ਦੇਖ ਸਕਦਾ ਹੈ। ਇਹ ਸਭ ਕੁਝ ਖੁਲ੍ਹਮ-ਖੁਲ੍ਹਾ ਕੀਤਾ ਜਾਂਦਾ ਹੈ। ਕਈ ਸੱਜਣ ਤਾਂ ਏਥੋਂ ਤਕ ਵੀ ਫ਼ਤਵਾ ਦੇਂਦੇ ਹਨ ਕਿ ਜਿਹੜਾ ਮਨੁੱਖ ਮਹਾਂ-ਪ੍ਰਸ਼ਾਦ (ਮਾਸ) ਨਹੀਂ ਖਾਂਦਾ, ਉਹ ਸਿਖ ਹੀ ਨਹੀਂ।

ਕਿਡੇ ਹਨੇਰ ਦੀ ਗੱਲ ਹੈ ਕਿ ਮਾਸ ਖਾਣ ਦੀ ਆਪਣੀ ਨਿਜੀ ਕਮਜ਼ੋਰੀ ਨੂੰ ਲੁਕਾਉਣ ਲਈ ਕੁਝ ਕੁ ਚਲਾਕ ਬੰਦਿਆਂ ਨੇ ਮਾਸ ਵਰਗੇ ਨਿੰਦਤ, ਘਿਰਣਤ ਅਤੇ ਗ਼ਲੀਜ਼ (ਗੰਦੇ) ਪਦਾਰਥ ਦਾ ਨਾਮ 'ਮਹਾਂ-ਪ੍ਰਸ਼ਾਦ' ਰਖ ਲਿਆ ਹੈ, ਜਦ ਕਿ ਸਿਖ ਪਰੰਪਰਾ ਵਿਚ ਮਹਾਂ-ਪ੍ਰਸ਼ਾਦ ਪਦ, ਪੰਚਾਮ੍ਰਿਤ 'ਕੜਾਹ ਪ੍ਰਸ਼ਾਦ' ਲਈ ਵਰਤਿਆ ਜਾਣਾ ਨਿਸਚਿਤ ਹੈ।

ਏਕ ਮਿਸਟਾਨ ਪਾਨ ਲਾਵਤ ਮਹਾਂ ਪ੍ਰਸਾਦਿ,
ਏਕ ਗੁਰਪੁਰਬ ਕੈ ਸਿਖਨ ਬੁਲਾਵਹੀ ॥ *(ਕਬਿਤ ੩੦੯, ਭਾ: ਗੁਰਦਾਸ ਜੀ)*

ਖਾਂਡ ਘ੍ਰਿਤ ਚੂਨ ਜਲ ਪਾਵਕ ਇਕਤ੍ਰ ਭਏ,
ਪੰਚ ਮਿਲਿ ਪ੍ਰਗਟ ਪੰਚਾਮ੍ਰਿਤ ਪ੍ਰਗਾਸ ਹੈ ॥
(ਕਬਿਤ ੧੨੪, ਭਾ: ਗੁਰਦਾਸ ਜੀ)

ਕੋਰੇ ਮਟ ਅਣਾਇ ਨੀਰ ਭਰਾਇਆ ॥
ਆਇ ਮਹਾ ਪਰਸਾਦਿ ਵੰਡ ਖੁਆਇਆ ॥
(ਵਾਰ ੨੦, ਪਉੜੀ ੧੦, ਭਾ: ਗੁਰਦਾਸ ਜੀ)

ਏਸੇ ਤਰ੍ਹਾਂ ਕਈ ਭੰਗ ਦੇ ਪ੍ਰੇਮੀ ਪੁਰਸ਼ਾਂ ਨੇ ਭੰਗ ਨੂੰ 'ਸੁਖ-ਨਿਧਾਨ' ਅਤੇ ਸ਼ਰਾਬ ਨੂੰ 'ਪੰਜ-ਰਤਨੀ' ਦਾ ਨਾਮ ਦਿਤਾ ਹੋਇਆ ਹੈ। ਉਨ੍ਹਾਂ ਦਾ ਇਹ ਕਰਤੱਵ ਵਾਮ-ਮਾਰਗੀਆਂ ਦੀ ਰੀਸ-ਘੜੀਸ ਹੀ ਹੈ। ਪਰ ਖਾਲਸਾ ਜੀ ਦੇ ਨਿਰਮਲ ਪੰਥ ਵਿਚ ਇਸ ਪੋਪ-ਲੀਲ੍ਹਾ ਨੂੰ ਕੋਈ ਥਾਂ ਨਹੀਂ। ਕਿਸੇ ਘਿਰਣਤ ਵਸਤੂ ਦਾ ਚੰਗਾ ਨਾਮ ਮਿੱਥ ਲੈਣ ਨਾਲ ਉਸ ਦਾ ਅਸਲਾ ਨਹੀਂ ਬਦਲ ਸਕਦਾ। ਅਜਿਹਾ ਪਰਪੰਚ ਰਚਣ ਵਾਲੇ ਆਪਣੇ ਆਪ ਨਾਲ ਅਤੇ ਦੂਜਿਆਂ ਨਾਲ ਧੋਖਾ ਕਰਨ ਦਾ ਕੁਹਜਾ

ਤੇ ਕੂੜਾਵਾ ਯਤਨ ਕਰਦੇ ਹਨ। ਇਹ ਕੂੜੀ ਘਾੜਤ ਫ਼ਜ਼ੂਲ ਹੈ :

ਕੂੜੁ ਨ ਪਹੁੰਚੈ ਸਚ ਨੋ ਸਉ ਘਾੜਤ ਘੜੀਐ ॥

(ਵਾਰ ੩੪, ਪਉੜੀ ੨੧)

ਕੂੜ ਨੂੰ ਭਾਵੇਂ ਚਮਕੀਲੀ ਪੁਸ਼ਾਕ ਪੁਆ ਕੇ ਸਜਾ-ਫਬਾ ਕੇ ਪੇਸ਼ ਕੀਤਾ ਜਾਵੇ, ਉਹ ਸੱਚ ਨਹੀਂ ਬਣ ਸਕਦਾ। ਸਤ ਪੜਦੇ ਪਾੜ ਕੇ ਕੂੜ ਅੰਤ ਨੂੰ ਪਰਗਟ ਹੋ ਜਾਂਦਾ ਹੈ ਤੇ ਕੂੜ ਦੀ ਅੰਤ ਨੂੰ ਖੈ ਹੀ ਹੁੰਦੀ ਹੈ :

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ *(੯੫੩)*

ਸੋ ਤਾਤ-ਪਰਜ ਇਹ ਹੈ ਕਿ ਸਿਖ ਜਨਤਾ ਵਿਚ ਸ਼ਰਾਬ ਕਬਾਬ ਦਾ ਦੌਰ-ਦੌਰਾ ਚਲਾਉਣ ਦੀ ਜ਼ਿੰਮੇਵਾਰੀ ਨੂੰ ਪੇਂਡੂ ਅਨਪੜ੍ਹ ਜਨਤਾ ਉਤੇ ਸੁੱਟ ਕੇ ਪਿੱਛਾ ਨਹੀਂ ਛੁਡਾਇਆ ਜਾ ਸਕਦਾ। ਇਸ ਦੀ ਜ਼ਿੰਮੇਵਾਰੀ ਕੌਮ ਦੇ ਧਾਰਮਿਕ ਆਗੂਆਂ ਉਤੇ ਹੈ, ਜਿਹੜੇ ਆਪ ਇਹਨਾਂ ਚਸਕਿਆਂ ਦਾ ਸ਼ਿਕਾਰ ਹਨ ਅਤੇ ਫਿਰ ਹਿਕ ਥਾਪੜ ਕੇ ਇਹਨਾਂ ਦੇ ਹੱਕ ਵਿਚ ਪਰਚਾਰ ਕਰਦੇ ਹਨ।

ਮਾਸ ਖਾਣ ਦੀਆਂ ਦਲੀਲਾਂ

ਮਾਸ ਖਾਣ ਦੇ ਹਾਮੀ ਸੱਜਣ ਅਕਸਰ ਮਾਸ ਖਾਣ ਦੀ ਪੁਸ਼ਟੀ ਲਈ ਹੇਠ-ਲਿਖੀਆਂ ਦਲੀਲਾਂ ਦਿੰਦੇ ਹਨ :

(੧) ਸਿਖ ਧਰਮ ਵਿਚ ਖਾਣ ਪੀਣ ਵਾਲੇ ਕਿਸੇ ਪਦਾਰਥ 'ਤੇ ਪਾਬੰਦੀ ਨਹੀਂ। ਮਾਸ ਖਾਣ ਜਾਂ ਨਾ ਖਾਣ ਦਾ ਨਿਰਭਰ ਹਰੇਕ ਵਿਅਕਤੀ ਦੀ ਆਪਣੀ ਰੁਚੀ ਉਤੇ ਹੈ। ਗੁਰਮਤਿ ਦੀ ਕਸਵੱਟੀ ਕੇਵਲ ਇਹ ਹੈ ਕਿ ਜਿਹੜੇ ਪਦਾਰਥ ਦੇ ਸੇਵਨ ਕੀਤਿਆਂ ਸਰੀਰ ਨੂੰ ਕਸ਼ਟ ਹੋਵੇ ਅਤੇ ਮਨ ਵਿਚ ਵਿਕਾਰ ਉਤਪੰਨ ਹੋਵੇ, ਉਸ ਦਾ ਸੇਵਨ ਕਰਨਾ ਹਾਨੀਕਾਰਕ ਹੈ। ਇਸ ਕਥਨ ਦੀ ਪੁਸ਼ਟੀ ਵਿਚ ਉਹ ਗੁਰਬਾਣੀ ਦੀ ਇਕ ਤੁਕ ਨੂੰ ਮਰਜ਼ੀ ਮੁਤਾਬਕ ਬਦਲ ਕੇ ਉਸ ਦਾ ਹਵਾਲਾ ਦਿੰਦੇ ਹਨ :

ਬਾਬਾ ਸਾ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲੈ ਵਿਕਾਰੁ ॥

ਨੋਟ—ਤੁਕ ਨੰਬਰ ੧ ਵਿਚ ਸ਼ਬਦ 'ਸਾ' ਦੀ ਥਾਵੇਂ ਗੁਰਬਾਣੀ ਵਿਚ ਸ਼ਬਦ 'ਹੋਰੁ' ਹੈ।

(੨) ਸਿਖ ਧਰਮ ਵਿਚ ਕੇਵਲ ਮੁਸਲਮਾਨੀ ਤਰੀਕੇ ਨਾਲ ਕਲਮਾ ਪੜ੍ਹ ਕੇ ਤਿਆਰ ਕੀਤੇ ਗਏ ਮਾਸ ਦੀ ਮਨਾਹੀ ਹੈ, ਪਰ ਝਟਕੇ ਦੀ ਖੁਲ੍ਹ ਹੈ।

(੩) ਪੁਰਾਤਨ ਇਤਿਹਾਸਕ ਲਿਖਤਾਂ ਵਿਚੋਂ ਮਾਸ ਖਾਣ ਦੀ ਕੋਈ ਮਨਾਹੀ ਨਹੀਂ ਮਿਲਦੀ, ਸਗੋਂ ਗੁਰੂ ਸਾਹਿਬ ਦੇ ਸਮੇਂ ਲੰਗਰਾਂ ਵਿਚ ਮਾਸ ਦੀ ਵਰਤੋਂ ਦੇ ਪ੍ਰਮਾਣ ਮਿਲਦੇ ਹਨ।

(੪) ਜੇ ਮੁਰਗਾ, ਬੱਕਰਾ, ਤਿੱਤਰ, ਬਟੇਰ ਆਦਿ ਜਾਨਵਰ ਮਾਰਨ ਵਿਚ ਜੀਵ-ਹੱਤਿਆ ਦਾ ਦੋਸ਼ ਲਗਦਾ ਹੈ ਤਾਂ ਬਾਕੀ ਪਦਾਰਥ ਕਣਕ, ਦਾਲਾਂ, ਦੁੱਧ, ਪਾਣੀ ਆਦਿ ਖਾਣ-ਪੀਣ ਵਾਲੇ ਮਨੁੱਖ ਵੀ ਇਸ ਦੋਸ਼ ਤੋਂ ਮੁਕਤ ਨਹੀਂ ਹੋ ਸਕਦੇ, ਕਿਉਂਕਿ ਅੰਨ ਦੇ ਸਾਰਿਆਂ ਦਾਣਿਆਂ ਵਿਚ ਜੀਵ ਹਨ।

(੫) ਮਾਸ ਨਾ ਖਾਣ ਵਾਲੇ ਮਨੁੱਖ ਵਿਚ ਕਾਇਰਤਾ ਪਰਵੇਸ਼ ਕਰ ਜਾਂਦੀ ਹੈ।

(੬) ਮਾਸ ਬੜੀ ਤਾਕਤਵਰ ਵਸਤੂ ਹੈ, ਇਸ ਨੂੰ ਖਾਣ ਨਾਲ ਸਰੀਰ ਰਿਸ਼ਟ ਪੁਸ਼ਟ ਰਹਿੰਦਾ ਹੈ।

ਉਪਰੋਕਤ ਦਲੀਲਾਂ ਦੀ ਛਾਣ-ਬੀਣ ਕਰ ਕੇ ਇਕ ਇਕ ਉਤੇ ਗੁਰਬਾਣੀ ਦੀ ਰੌਸ਼ਨੀ ਵਿਚ ਵਿਚਾਰ ਕਰਨ ਦਾ ਯਤਨ ਕੀਤਾ ਜਾਂਦਾ ਹੈ।

ਦਲੀਲ ਨੰਬਰ ੧

ਵਿਚਾਰ

ਮਾਸ-ਅਹਾਰੀ ਵੀਰ ਇਹ ਦਲੀਲ ਦਿੰਦੇ ਹਨ ਕਿ ਸਿਖ ਧਰਮ ਵਿਚ ਖਾਣ ਪੀਣ ਵਾਲੇ ਕਿਸੇ ਪਦਾਰਥ 'ਤੇ ਪਾਬੰਦੀ ਨਹੀਂ। ਮਾਸ ਖਾਣ ਜਾਂ ਨਾ ਖਾਣ ਦਾ ਨਿਰਭਰ ਹਰੇਕ ਵਿਅਕਤੀ ਦੀ ਆਪਣੀ ਰੁਚੀ 'ਤੇ ਹੈ।

ਇਹ ਕਥਨ ਠੀਕ ਨਹੀਂ ਕਿ ਸਿਖ ਧਰਮ ਵਿਚ ਕਿਸੇ ਪਦਾਰਥ ਦੇ ਖਾਣ ਉਤੇ ਕੋਈ ਪਾਬੰਦੀ ਨਹੀਂ। ਖਾਣ-ਪੀਣ ਦੇ ਸੰਬੰਧ ਵਿਚ ਸਿਖ ਧਰਮ ਆਪਣੇ ਅਨੁਆਈਆਂ ਨੂੰ ਨਿਜੀ ਮਾਨਸਿਕ ਰੁਚੀ ਅਨੁਸਾਰ ਜਾਂ ਸਰੀਰਕ ਹਾਲਤ ਦੇ ਅਨੁਕੂਲ ਕੇਵਲ ਅਜਿਹੇ ਪਦਾਰਥ ਖਾਣ ਦੀ ਖੁਲ੍ਹ ਦਿੰਦਾ ਹੈ ਜਿਨ੍ਹਾਂ ਨਾਲ ਤਨ ਤੇ ਮਨ ਪ੍ਰਫੁਲਤ ਹੋਣ ਅਤੇ ਇਸ ਤਰ੍ਹਾਂ ਸੇਵਾ ਅਤੇ ਸਿਮਰਨ ਵਿਚ ਸਹਾਇਤਾ ਮਿਲੇ। ਇਸ ਦੇ ਵਿਰੁਧ ਅਜਿਹੇ ਪਦਾਰਥ ਜਿਨ੍ਹਾਂ ਦਾ ਸੇਵਨ ਸਰੀਰ ਨੂੰ ਨਿਤਾਣਾ ਜਾਂ ਸੁਸਤ ਕਰੇ, ਜਿਹਾ ਕਿ ਤਮਾਕੂ, ਪੋਸਤ, ਭੰਗ, ਅਫ਼ੀਮ, ਸ਼ਰਾਬ ਆਦਿ ਜਾਂ ਜਿਨ੍ਹਾਂ ਦਾ ਸੇਵਨ ਦੂਜੇ ਜੀਵਾਂ ਲਈ ਕਸ਼ਟ ਦਾ ਕਾਰਨ ਬਣੇ ਤੇ ਖਾਣ ਵਾਲੇ ਮਨੁੱਖ ਦਾ ਤਨ ਤੇ ਮਨ ਜ਼ੋਰ-ਜ਼ੁਲਮ ਦਾ ਵਿਕਾਰੀ ਹੋ ਨਿਬੜੇ, ਅਜਿਹੇ ਸਾਰੇ

ਪਦਾਰਥਾਂ ਦਾ ਸੇਵਨ ਗੁਰਮਤਿ ਵਿਚ ਬਿਲਾ-ਸ਼ਕ (ਨਿਰਸੰਦੇਹ) ਵਿਵਰਜਿਤ ਹੈ। ਗੁਰਬਾਣੀ ਦਾ ਫ਼ੁਰਮਾਨ ਹੈ:

ਕਬੀਰ ਭਾਂਗ ਮਾਛੁਲੀ ਸੁਰਾਪਾਨਿ ਜੋ ਜੋ ਪ੍ਰਾਨੀ ਖਾਂਹਿ ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥੨੩੩॥ *(ਪੰਨਾ ੧੩੭੭)*

ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥੧੩੮॥
ਹੇਰਾ—ਮਾਸ। *(ਸਲੋਕ ਕਬੀਰ ਜੀ, ਪੰਨਾ ੧੩੭੪)*

ਭਾਵ ਇਹ ਹੈ ਕਿ ਭੰਗ, ਮਛਲੀ, ਸ਼ਰਾਬ ਖਾਣ ਪੀਣ ਵਾਲੇ ਪ੍ਰਾਣੀ ਦੇ ਪੁੰਨ ਕਰਮ ਕੀਤੇ ਵੀ ਕਿਸੇ ਕੰਮ ਨਹੀਂ ਆਉਂਦੇ, ਤੇ ਉਹ ਸਦਾ ਅਧੋਗਤੀ ਨੂੰ ਹੀ ਪ੍ਰਾਪਤ ਹੁੰਦੇ ਹਨ। ਇਸ ਦੇ ਨਾਲ ਹੀ ਇਹ ਵੀ ਨਿਰਣਾ ਕਰ ਦਿਤਾ ਗਿਆ ਹੈ ਕਿ ਕੁਦਰਤ ਵਲੋਂ ਉਦਰ-ਪੂਰਨਾ ਹਿਤ ਬਖ਼ਸ਼ਿਆ ਕੁਦਰਤੀ ਰਿਜ਼ਕ, ਭਾਵ, ਮਿੱਸਾ ਤਿੱਸਾ ਖਿੱਚੜ-ਅੰਨ ਅੰਮ੍ਰਿਤ ਵਰਗਾ ਸੁਵੱਛ ਤੇ ਸਵਾਦਿਸ਼ਟ ਭੋਜਨ ਹੈ, ਜਿਸ ਦੇ ਸੇਵਨ ਕਰਨ ਨਾਲ ਨਾਮ ਜਪਣ ਲਈ ਸਰੀਰ ਦੀ ਸੱਤਿਆ ਕਾਇਮ ਰਹਿੰਦੀ ਹੈ। ਅਜਿਹਾ ਆਦਰਸ਼ਕ ਅਹਾਰ ਹੁੰਦਿਆਂ ਸੁੰਦਿਆਂ ਫਿਰ ਕੌਣ ਅਤੇ ਕਾਹਦੇ ਲਈ ਜੀਵਾਂ ਦਾ ਗਲਾ ਵਢ ਕੇ ਹੱਤਿਆ ਕਰੇ ?

ਗੁਰਬਾਣੀ ਦੀ ਰੌਸ਼ਨੀ ਵਿਚ ਜੀਵਾਂ ਨੂੰ ਮਾਰ ਕੇ ਪ੍ਰਾਪਤ ਕੀਤੇ ਮੁਰਦਾਰ ਮਾਸ ਦੇ ਨਿਸ਼ੇਧ ਸੰਬੰਧੀ ਤਾਂ ਦੋ ਰਾਵਾਂ ਦੀ ਗੁੰਜਾਇਸ਼ ਹੀ ਨਹੀਂ, ਸਗੋਂ ਉਹ ਵਸਤੂਆਂ ਜਾਂ ਕਰਮ ਵੀ ਵਿਵਰਜਿਤ ਹਨ ਜਿਨ੍ਹਾਂ ਨੂੰ ਮੁਰਦਾਰ ਨਾਲ ਤੁਲਨਾ ਦਿਤੀ ਗਈ ਹੈ।

ਗੁਰਬਾਣੀ ਦਾ ਸਪੱਸ਼ਟ ਫ਼ਤਵਾ ਹੈ ਕਿ ਕੂੜ ਕੁਸੱਤ ਕਰ ਕੇ, ਜ਼ੋਰ-ਜ਼ੁਲਮ ਕਰ ਕੇ, ਵਲ਼ ਛਲ ਕਰ ਕੇ ਪਰਾਇਆ ਹੱਕ ਮਾਰਨਾ ਮੁਰਦਾਰ ਤੁਲ ਹੈ ਤੇ ਇਹ ਗੁਰੂ ਕੇ ਸਿੱਖਾਂ ਲਈ ਵਿਵਰਜਿਤ ਹੈ। ਗੁਰੂ ਪੀਰ ਵੀ ਤਾਂ ਹੀ ਹਾਮਾ ਭਰਦਾ ਹੈ ਜਦੋਂ ਕੋਈ ਮੁਰਦਾਰ ਖਾਣ ਤੋਂ ਬਚਿਆ ਹੋਵੇ।

ਕੂੜੁ ਬੋਲਿ ਮੁਰਦਾਰੁ ਖਾਇ ॥ (੧੪੦)

ਹਕੁ ਪਰਾਇਆ ਨਾਨਕਾ ਉਸੁ ਸੂਅਰੁ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ (੧੪੧)

ਪਰਾਏ ਹੱਕ ਦੀ ਨਿੰਦਿਆ ਤੇ ਨਿਖੇਧੀ ਕਰਨ ਲਈ ਉਸ ਨੂੰ ਮੁਰਦਾਰ

ਨਾਲ ਤੁਲਨਾ ਦਿੱਤੀ ਗਈ ਹੈ। ਇਸ ਦਾ ਸਪੱਸ਼ਟ ਭਾਵ ਹੈ ਕਿ ਮੁਰਦਾਰ ਨਿੰਦਤ ਤੇ ਨਿਸ਼ੇਧਤ ਵਸਤੂ ਹੈ। ਸੂਰ ਹੋਵੇ ਭਾਵੇਂ ਗਾਂ, ਕਲਮਾ ਪੜ੍ਹ ਕੇ ਕਟ ਵਢ ਕੀਤਾ ਹੋਵੇ ਜਾਂ ਸਤਿ ਸ੍ਰੀ ਅਕਾਲ ਕਹਿ ਕੇ, ਛੁਰੀ ਨਾਲ ਕਟਿਆ ਗਿਆ ਹੋਵੇ ਭਾਵੇਂ ਕਿਰਪਾਨ ਨਾਲ; ਹੌਲੀ ਹੌਲੀ ਕਟਿਆ ਗਿਆ ਹੋਵੇ ਜਾਂ ਇਕੋ ਝਟਕੇ ਨਾਲ; ਮਾਰਿਆ ਗਿਆ ਜਾਨਵਰ ਮੁਰਦਾਰ ਹੀ ਹੈ। ਬੜੀ ਸਿੱਧੀ ਗੱਲ ਹੈ ਕਿ ਜੇ ਪਰਾਇਆ ਹੱਕ ਮਾਰਨਾ ਮੁਰਦਾਰ ਖਾਣ ਬਰਾਬਰ ਹੈ ਅਤੇ ਵਿਵਰਜਿਤ ਹੈ, ਜੇ ਝੂਠ ਬੋਲਣਾ ਮੁਰਦਾਰ ਖਾਣ ਤੁਲ ਹੈ ਤੇ ਵਿਵਰਜਿਤ ਹੈ ਤਾਂ ਸਗਵਾਂ ਮੁਰਦਾਰ ਖਾਣਾ ਕਿਵੇਂ ਜਾਇਜ਼ ਹੋ ਸਕਦਾ ਹੈ ? ਫਿਰ ਮੁਰਦਾਰ ਖਾਣ ਵਾਲਾ (ਮੁਰਦਾਰ-ਖ਼ੋਰ) ਵਿਅਕਤੀ, ਗੁਰ-ਪੀਰ ਵਲੋਂ ਉਸ ਪ੍ਰਤੀ ਹਾਮਾ ਭਰੇ ਜਾਣ ਦੀ ਆਸ ਕਿਵੇਂ ਰੱਖ ਸਕਦਾ ਹੈ, ਜਦੋਂ ਕਿ ਉਹ ਖੁਲ੍ਹਮ-ਖੁਲ੍ਹਾ ਗੁਰ-ਹੁਕਮਾਂ ਦੀ ਉਲੰਘਣਾ ਕਰਨ ਦਾ ਕੇਵਲ ਨਿਜੀ ਤੌਰ 'ਤੇ ਹੀ ਦੋਸ਼ੀ ਨਹੀਂ ਬਣਦਾ, ਸਗੋਂ ਦੂਜਿਆਂ ਨੂੰ ਇਸ ਦੋਸ਼ ਵਿਚ ਪਰਵਿਰਤ ਕਰਨ ਲਈ ਧਰਮ ਦੀ ਆੜ ਲੈਂਦਾ ਤੇ ਇਸ ਤਰ੍ਹਾਂ ਧਰਮ ਨੂੰ ਬਦਨਾਮ ਕਰਨ ਦੀ ਕੁਹਜੀ ਹਰਕਤ ਕਰਦਾ ਹੋਵੇ ?

ਮਾਸ ਖਾਣ ਲਈ ਮਾਸੂਮ ਜਾਨਵਰਾਂ ਨੂੰ ਜਾਨੋਂ ਮਾਰਨ ਤੇ ਮੁਰਦਾਰ ਖਾਣ ਵਾਲੇ ਵਿਅਕਤੀਆਂ ਨੂੰ ਗੁਰਬਾਣੀ ਭੂਤਨਿਆਂ ਦਾ ਫਤਵਾ ਦਿੰਦੀ ਹੈ:

> **ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ ॥**
> ਗੈਬਾਨ—ਭੂਤ ਪਰੇਤ। *(ਤਿਲੰਗ ਮ: ੫, ਪੰਨਾ ੭੨੩)*

ਭਾਈ ਗੁਰਦਾਸ ਜੀ ਦੀ ਬਾਣੀ, ਜੋ ਗੁਰਬਾਣੀ ਦੀ ਕੁੰਜੀ ਮੰਨੀ ਜਾਂਦੀ ਹੈ, ਵੀ ਜੀਵਾਂ ਨੂੰ ਮਾਰ ਕੇ ਮਾਸ ਖਾਣ ਦੀ ਸਪੱਸ਼ਟ ਮਨਾਹੀ ਕਰਦੀ ਹੈ:

> **ਜੇਕਰਿ ਉਧਰੀ ਪੂਤਨਾ ਵਿਹੁ ਪੀਆਲਣੁ ਕੰਮੁ ਨ ਚੰਗਾ ॥.......**
> **ਜੇ ਕਾਸਾਈ ਉਧਰਿਆ ਜੀਆ ਘਾਇ ਨ ਖਾਈਐ ਭੰਗਾ ॥੯॥**
> *(ਵਾਰ ੧੯)*

ਗੁਰੂ ਬਾਬੇ ਨੇ ਮਲਕ ਭਾਗੋ ਦੇ ਕੂੜ ਕੁਸੱਤ ਤੇ ਜ਼ੋਰ-ਜ਼ੁਲਮ ਕਰ ਕਮਾਏ ਧਨ ਨਾਲ ਤਿਆਰ ਕੀਤੇ ਮਾਲ-ਪੂੜਿਆਂ ਨੂੰ ਮੁਰਦਾਰ ਜਾਣ ਕੇ ਤਿਆਗ ਕੀਤਾ। ਗੁਰੂ ਪਾਤਸ਼ਾਹ ਨੇ ਪਰਤੱਖ ਕੌਤਕ ਵਰਤਾ ਕੇ ਸਾਰੀ ਲੋਕਾਈ ਪ੍ਰਤੀ ਇਹ ਸਚਾਈ ਪਰਗਟ ਕੀਤੀ ਕਿ ਖੋਹ-ਖਾਣ ਦੀ ਰੁਚੀ ਹਿੰਸ਼ਕ ਤੇ ਨਿੰਦਤ ਰੁਚੀ ਹੈ ਅਤੇ ਜੀਵਾਂ ਉਤੇ ਜ਼ੋਰ-ਜ਼ੁਲਮ ਦੀ ਵਰਤੋਂ ਕਰ ਕੇ ਪ੍ਰਾਪਤ ਕੀਤਾ ਪਰਾਇਆ ਧਨ ਪਾਪਾਂ ਦੀ

ਖੱਟੀ ਹੈ ਅਤੇ ਇਸ ਨਾਲ ਖ਼ਰੀਦੇ ਪਦਾਰਥ ਭਾਵੇਂ ਸਵੱਛ ਅਤੇ ਸਵਾਦਿਸ਼ਟ ਹੀ ਹੋਣ, ਅਸਲ ਵਿਚ ਗ਼ਰੀਬਾਂ ਦਾ ਖ਼ੂਨ ਹਨ।

ਜੇ ਗ਼ਰੀਬਾਂ ਨੂੰ ਤੰਗ ਕਰ ਕੇ, ਖੋਹੀ ਮੋਹੀ ਕਰ ਕੇ, ਠੱਗੀ ਠੋਰੀ ਲਾ ਕੇ ਪ੍ਰਾਪਤ ਕੀਤਾ ਧਨ ਗੁਰੂ ਬਾਬੇ ਲਈ ਲੋਕਾਂ ਦੇ ਖ਼ੂਨ ਅਥਵਾ ਮੁਰਦਾਰ ਤੁਲ ਹੈ ਤਾਂ ਜੀਵਾਂ ਦਾ ਕਤਲ ਕਰ ਕੇ, ਉਨ੍ਹਾਂ ਦਾ ਪਰਤੱਖ ਖ਼ੂਨ ਕਰ ਕੇ ਪ੍ਰਾਪਤ ਕੀਤਾ ਮੁਰਦਾਰ-ਮਾਸ, ਉਸ ਦੇ ਸਿੱਖਾਂ ਲਈ 'ਮਹਾਂ-ਪ੍ਰਸ਼ਾਦ' ਕਿਵੇਂ ਬਣ ਗਿਆ ? ਸਪੱਸ਼ਟ ਹੈ ਕਿ ਮਾਸ ਵਰਗੇ ਬਿਖ-ਵਤ ਪਦਾਰਥ ਲਈ 'ਮਹਾਂ-ਪ੍ਰਸ਼ਾਦ' ਦੇ ਉਤਮ ਪਦ ਦੀ ਵਰਤੋਂ ਪ੍ਰਚਲਤ ਕਰਨੀ ਕੁਝ ਕੁ ਚਸਕਾਲੂ ਮਾਸਖੋਰੇ ਸੱਜਣਾਂ ਦੀ ਗਿਣੀ ਮਿਥੀ ਕੁਟਿਲ ਸਾਜ਼ਸ਼ ਹੈ।

ਦੋ ਪੰਛੀ ਹਨ : ਹੰਸ ਅਤੇ ਬਗਲਾ। ਇਨ੍ਹਾਂ ਦੀ ਚਿੱਟੀ ਦੁੱਧ ਸੂਰਤ ਇਕੋ ਜਿਹੀ ਮਨਮੋਹਣੀ ਹੈ। ਦੋਹਾਂ ਦਾ ਸਫ਼ੈਦ ਵੇਸ ਮਨ ਉਤੇ ਸਾਤਵਿਕ ਪ੍ਰਭਾਵ ਪਾਉਂਦਾ ਹੈ। ਪਰ ਗੁਰਬਾਣੀ ਅੰਦਰ ਉਨ੍ਹਾਂ ਵਿਚੋਂ ਇਕ ਦੀ, ਉਸ ਵਲੋਂ ਜੀਵਨ-ਨਿਰਬਾਹ ਲਈ ਅਪਣਾਈ ਗਈ ਖ਼ੁਰਾਕ ਦੇ ਅਧਾਰ 'ਤੇ ਸਲਾਹੁਤਾ ਕੀਤੀ ਗਈ ਹੈ ਅਤੇ ਦੂਜੇ ਦੀ ਨਿੰਦਿਆ।

ਹੰਸ ਉਤਮ ਹੈ।
ਕਿਉਂ ?
ਹੰਸ ਦਾ ਅਹਾਰ ਉਤਮ ਹੈ।

ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ ॥

(ਸਲੋਕੁ ਮ: ੧, ਪੰਨਾ ੯੫੬)

ਬਗਲਾ ਨੀਚ ਹੈ।
ਕਿਉਂ ?
ਬਗਲੇ ਦਾ ਅਹਾਰ ਘਿਰਣਤ ਹੈ।

ਬਗੁਲਾ ਕਾਗ ਨੀਚ ਕੀ ਸੰਗਤਿ
ਜਾਇ ਕਰੰਗ ਬਿਖੂ ਮੁਖਿ ਲਾਈਐ ॥ (੮੬੧)

ਗੁਰਬਾਣੀ ਦੇ ਰੱਬੀ ਉਪਦੇਸ਼ ਅਨੁਸਾਰ 'ਕਰੰਗ ਬਿਖੂ' ਦਾ ਸੇਵਨ ਕਰਨ ਕਰਕੇ ਹੀ ਬਗਲਾ ਘਿਰਣਤ ਪੰਛੀ ਹੈ। ਫਿਰ ਸਮਝ ਨਹੀਂ ਆਉਂਦੀ ਕਿ ਇਹ 'ਕਰੰਗ-ਬਿਖੂ' ਗੁਰੂ ਕੇ ਸਿੱਖਾਂ ਲਈ 'ਮਹਾਂ-ਪ੍ਰਸ਼ਾਦ' ਕਿਵੇਂ ਤੇ ਕਦੋਂ ਬਣ ਗਿਆ ? ਤੇ 'ਕਰੰਗ-ਬਿਖੂ' ਦਾ ਵਿਵਰਜਿਤ ਭੋਜਨ ਖਾ ਕੇ ਕਿਵੇਂ ਗੁਰੂ ਕਾ ਸਚਿਆਰ

ਸਿਖ ਹੋਣ ਦਾ ਦਾਅਵਾ ਕਰ ਸਕਦਾ ਹੈ ?

ਕਦੀ ਕੋਈ ਮਾਂ ਆਪਣੇ ਪੁੱਤਰ ਨੂੰ ਬਿਖ ਖਾਣ ਦੀ ਆਗਿਆ ਦਿੰਦੀ ਹੈ ? ਫਿਰ ਇਹ ਸੋਚਣਾ ਵੀ ਅਪਰਾਧ ਤੋਂ ਘਟ ਨਹੀਂ ਜਾਪਦਾ ਕਿ ਸੰਸਾਰ ਦੇ ਅਧਿਆਤਮਕ ਪਿਤਾ, ਸਤਿਗੁਰੂ ਜੀ ਨੇ 'ਕਰੰਗ-ਬਿਖੂ' ਖਾਣ ਦੀ ਖੁਲ੍ਹ ਆਪਣੇ ਸਿਖ-ਬੱਚਿਆਂ ਨੂੰ ਦਿੱਤੀ ਹੋਈ ਹੈ, ਕਦੇ ਨਹੀਂ ! ਜੇ ਭਲਾ ਅਸੀਂ ਗੁਰੂ ਕੇ ਨਾਮ-ਲੇਵਾ ਸਿਖ, ਆਪ-ਹੁਦਰੇ ਹੋ ਕੇ 'ਕਰੰਗ-ਬਿਖੂ' ਨੂੰ 'ਮਹਾਂ-ਪ੍ਰਸ਼ਾਦ' ਦਾ ਨਾਮ ਦੇ ਕੇ ਛਕਣਾ ਸ਼ੁਰੂ ਕਰ ਦਈਏ ਤਾਂ ਸਾਡੇ ਸਿਰ ਉਤੇ ਸ੍ਰੀ ਕਬੀਰ ਜੀ ਦਾ ਹੇਠ-ਲਿਖਿਆ ਸਲੋਕ ਸਦਾ ਸਲੋਤਰ ਫੇਰਦਾ ਰਵ੍ਹੇਗੇ, ਓਵੇਂ ਹੀ ਜਿਵੇਂ ਜੇ ਬੱਚਾ ਅਨੁਚਿਤ ਕਿਰਿਆ ਕਰਨ ਤੋਂ ਨਾ ਹਟੇ ਤਾਂ ਮਾਂ ਨਸੀਅਤ ਵਜੋਂ ਬੱਚੇ ਨੂੰ ਚਪੇੜ ਵੀ ਟਿਕਾਅ ਦੇਂਦੀ ਹੈ:

ਕਬੀਰ ਸਾਚਾ ਸਤਿਗੁਰੁ ਕਿਆ ਕਰੇ ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ ਜਿਉ ਬਾਂਸ ਬਜਾਈਐ ਫੂਕ ॥੧੫੮॥

(ਸਲੋਕ ਕਬੀਰ ਜੀ, ਪੰਨਾ ੧੩੭੨)

ਮਾਸ ਖਾਣ ਦੇ ਪੱਖੀ ਵੀਰ ਇਹ ਦਲੀਲ ਦਿੰਦੇ ਹਨ ਕਿ ਸਿਖ ਧਰਮ ਵਿਚ ਖਾਣ ਪੀਣ ਦੇ ਕਿਸੇ ਖ਼ਾਸ ਪਦਾਰਥ 'ਤੇ ਕਿਸੇ ਕਿਸਮ ਦੀ ਕੋਈ ਮਨਾਹੀ ਨਹੀਂ। ਇਸ ਸੰਬੰਧ ਵਿਚ ਉਹ ਹੇਠ-ਲਿਖੀ ਗੁਰਬਾਣੀ ਦੀ ਤੁਕ ਦਾ ਉਸ ਨੂੰ ਮਨ-ਮਰਜ਼ੀ ਮੁਤਾਬਕ ਬਦਲ ਕੇ ਹਵਾਲਾ ਦਿਆ ਕਰਦੇ ਹਨ :

ਬਾਬਾ ਸਾ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲੈ ਵਿਕਾਰੁ ॥

ਨੋਟ—ਤੁਕ ਨੰ: ੧ ਵਿਚ ਸ਼ਬਦ 'ਸਾ' ਦੀ ਥਾਵੇਂ ਸਬਦ 'ਹੋਰੁ' ਹੈ।

ਮਾਸ ਖਾਣ ਦੇ ਸੰਬੰਧ ਵਿਚ ਉਪਰੋਕਤ ਹਵਾਲਾ ਅਨੁਚਿਤ ਹੈ। ਇਸ ਸਿਲਸਿਲੇ ਵਿਚ ਸਮੁਚੇ ਸ਼ਬਦ ਦੇ ਦਰਸ਼ਨ ਕਰਨੇ ਜ਼ਰੂਰੀ ਹਨ, ਜਿਸ ਵਿਚ ਉਪਰੋਕਤ ਤੁਕਾਂ ਆਉਂਦੀਆਂ ਹਨ। ਸ਼ਬਦ ਇਸ ਪ੍ਰਕਾਰ ਹੈ :

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥
ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ ॥
ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ ॥੧॥
ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥
ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥

ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥
ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥੨॥
ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥
ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ ॥
ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ ॥
ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ ॥੩॥
ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥
ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥
ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ ॥
ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥
ਨਾਨਕਾ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ ॥੪॥
ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥੪॥੭॥

(ਸਿਰੀਰਾਗੁ ਮਹਲਾ ੧, ਪੰਨਾ ੧੬-੧੭)

ਦੇਖਿਆ ਗਿਆ ਹੈ ਕਿ ਸਾਰੇ ਵੀਰ ਆਪਣੇ ਪੱਖ ਦੀ ਪੁਸ਼ਟੀ ਵਿਚ 'ਸਾ ਖਾਣਾ ਖੁਸੀ ਖੁਆਰੁ' ਬੋਲਦੇ ਹਨ, ਜਦ ਕਿ ਗੁਰਬਾਣੀ ਦੀ ਤੁਕ ਵਿਚ 'ਹੋਰੁ ਖਾਣਾ ਖੁਸੀ ਖੁਆਰੁ' ਅੰਕਿਤ ਹੈ। ਸ਼ਬਦ 'ਹੋਰੁ' ਨੂੰ 'ਸਾ' ਵਿਚ ਬਦਲ ਕੇ ਤੁਕ ਨੂੰ ਗ਼ਲਤ ਰੂਪ ਵਿਚ ਪਤਾ ਨਹੀਂ ਕਿਉਂ ਪੇਸ਼ ਕੀਤਾ ਜਾਂਦਾ ਹੈ।

ਇਸ ਸ਼ਬਦ ਦੇ ਚਾਰ ਬੰਦ ਹਨ ਅਤੇ ਹਰੇਕ ਬੰਦ ਮਗਰੋਂ ਆਈ ਰਹਾਉ ਦੀ ਪਹਿਲੀ ਤੁਕ ਵਿਚ 'ਹੋਰੁ' ਸ਼ਬਦ ਆਉਂਦਾ ਹੈ, ਅਤੇ ਇਥੇ 'ਹੋਰੁ' ਸ਼ਬਦ ਦੀ ਆਪਣੀ ਵਿਸ਼ੇਸ਼ ਮਹੱਤਤਾ ਹੈ।

ਪਹਿਲੇ ਬੰਦ ਵਿਚੋਂ ਗੁਰੂ ਬਾਬਾ ਜੀ ਜੀਵਨ ਵਿਚ ਸਦੀਵੀ ਅਨੰਦ ਅਤੇ ਆਤਮਕ ਪ੍ਰਗਤੀ ਲਈ ਗੁਰਸਿਖ ਜਗਿਆਸੂਆਂ ਲਈ ਇਕ ਆਦਰਸ਼ਕ ਅਧਿਆਤਮਕ ਭੋਜਨ ਦਾ ਵਰਣਨ ਕਰਦੇ ਹਨ ਅਤੇ ਇਸ ਬੰਦ ਮਗਰੋਂ ਆਈਆਂ ਰਹਾਉ ਦੀਆਂ ਪੰਗਤੀਆਂ ਵਿਚ ਚਿਤਾਵਨੀ ਦਿੰਦੇ ਹਨ ਕਿ ਇਸ ਆਦਰਸ਼ਕ ਭੋਜਨ ਦੇ ਮੁਕਾਬਲੇ ਵਿਚ ਹੋਰ (ਮਾਇਕ) ਖਾਣਾ ਖ਼ੁਸ਼ੀ ਦਾ ਬਾਧਕ ਹੈ। ਬਾਕੀ ਦੇ ਤਿੰਨਾਂ ਪਦਿਆਂ ਵਿਚ ਗੁਰੂ ਪਾਤਸ਼ਾਹ ਜੀ ਵਲੋਂ ਅਧਿਆਤਮਕ ਪੁਸ਼ਾਕ, ਅਧਿਆਤਮਕ ਸਵਾਰੀ ਅਤੇ ਅਧਿਆਤਮਕ ਲੀਨਤਾ (ਨੀਂਦ) ਦਾ ਵਰਣਨ

ਕਰਦਿਆਂ ਹੋਇਆਂ ਹਰੇਕ ਬੰਦ ਦੇ ਅੰਤ ਵਿਚ ਚਿਤਾਵਨੀ ਦਿੱਤੀ ਹੋਈ ਹੈ ਕਿ ਇਨ੍ਹਾਂ ਦੇ ਮੁਕਾਬਲੇ ਵਿਚ ਹੋਰ (ਮਾਇਕ) ਪੁਸ਼ਾਕ, (ਮਾਇਕ) ਸਵਾਰੀ ਅਤੇ (ਮਾਇਕ) ਲੀਨਤਾ ਇਹ ਸਾਰੀਆਂ ਖ਼ੁਸ਼ੀ ਦੀਆਂ ਬਾਧਕ ਹਨ।

ਉਪਰੋਕਤ ਸੰਖੇਪ ਜਿਹੀ ਵਿਚਾਰ ਤੋਂ ਸਪੱਸ਼ਟ ਨਿਰਣਾ ਹੋ ਜਾਂਦਾ ਹੈ ਕਿ ਉਪ੍ਰੋਕਤ ਸ਼ਬਦ ਵਿਚ ਗੁਰੂ ਜੀ ਮਾਇਕ ਪਦਾਰਥਾਂ ਦੇ ਛਿੰਨ-ਭੰਗਰੀ ਸੁਆਦ ਅਤੇ ਅਨੰਦ ਦਾ ਅਧਿਆਤਮਕ ਪ੍ਰਾਪਤੀਆਂ ਤੇ ਸਦੀਵੀ ਰਸ ਤੇ ਅਨੰਦ ਨਾਲ ਪਰਸਪਰ ਟਾਕਰਾ ਕਰ ਕੇ ਅਧਿਆਤਮਕ-ਵਾਦ ਨੂੰ ਪਦਾਰਥਵਾਦ ਨਾਲੋਂ ਉਤਮ ਅਤੇ ਸੁਖਦਾਈ ਸਾਬਤ ਕਰ ਰਹੇ ਹਨ। ਗੁਰੂ ਪਾਤਸ਼ਾਹ ਦੀ ਅਧਿਆਤਮਕ ਦ੍ਰਿਸ਼ਟੀ ਵਿਚ 'ਤੁਧੁ ਬਾਝੁ ਕੂੜੋ ਕੂੜੁ' ਹੈ। ਆਸਾ ਦੀ ਵਾਰ ਦੇ ਦਸਵੇਂ ਸਲੋਕ ਵਿਚ ਇਸ ਦੀ ਵਧੇਰੇ ਵਿਆਖਿਆ ਕੀਤੀ ਮਿਲਦੀ ਹੈ:

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਇ ਖਾਰੁ ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥
ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥
ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥੧॥

ਸੋ ਸਾਰੀ ਵਿਚਾਰ ਦਾ ਸਿੱਟਾ ਇਹ ਨਿਕਲਿਆ ਕਿ ਉਪਰੋਕਤ ਸ਼ਬਦ ਵਿਚ ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਕਿ ਅਸੀਂ ਮਾਇਕ ਰਸਾਂ ਕਸਾਂ ਵਿਚ ਖੱਚਤ ਹੋਣ ਦੀ ਬਜਾਏ ਨਾਮ-ਰਸ ਨੂੰ ਜੀਵਨ ਦਾ ਅਧਾਰ ਬਣਾਈਏ, ਤਾਂ ਜੁ ਜੀਵਨ ਵਧੇਰੇ ਸੁਖੀ ਤੇ ਪ੍ਰਸੰਨ ਹੋਵੇ ਅਤੇ ਪ੍ਰਸੰਨਤਾ ਸਦੀਵੀ ਅਤੇ ਸਥਾਈ ਰਵ੍ਹੇ। ਫਿਰ ਸਮਝ ਨਹੀਂ ਪੈਂਦੀ ਕਿ ਉਪਰੋਕਤ ਸ਼ਬਦ ਦਾ ਮਾਸ ਖਾਣ ਦੇ ਹੱਕ ਵਿਚ ਕਿਵੇਂ ਹਵਾਲਾ ਦਿੱਤਾ ਜਾਂਦਾ ਹੈ, ਜਦ ਕਿ ਮਾਸ ਨੂੰ ਗੁਰਬਾਣੀ ਅੰਦਰ 'ਕਰੰਗ ਬਿਖੂ' ਕਰ ਕੇ ਵਰਣਨ ਕੀਤਾ ਗਿਆ ਹੈ। ਤਾਂ ਤੇ ਨਿਰਸੰਦੇਹ ਮਾਸ ਨਿੰਦਤ ਪਦਾਰਥ ਹੈ ਤੇ ਸਿਖ ਧਰਮ ਵਿਚ ਇਸ ਦੇ ਸੇਵਨ ਦੀ ਮਨਾਹੀ ਹੈ।

ਕੀ ਮਾਸ ਖਾਣਾ ਵਿਕਾਰ ਪੈਦਾ ਨਹੀਂ ਕਰਦਾ ?

ਕੋਈ ਕਿਵੇਂ ਮੁੱਕਰ ਸਕਦਾ ਹੈ ਕਿ ਮਾਸ ਪ੍ਰਾਪਤ ਕਰਨ ਵਿਚ ਜ਼ੋਰ-ਜ਼ੁਲਮ ਦੀ ਵਰਤੋਂ ਹੁੰਦੀ ਹੈ। ਜ਼ੋਰ-ਜ਼ੁਲਮ ਆਪਣੇ ਆਪ ਵਿਚ ਇਕ ਵੱਡਾ ਵਿਕਾਰ ਹੈ। ਮਾਸ ਦੇ ਖਾਣ ਨਾਲ ਮਨ ਦਾ ਨਿਰਦਈ ਹੋ ਜਾਣਾ ਹੀ ਇਕ ਵੱਡਾ ਵਿਕਾਰ ਹੈ। ਮਾਸ ਖਾਣ ਨਾਲ ਹੋਰ ਇੱਲਤਾਂ (ਭੈੜੀਆਂ ਵਾਦੀਆਂ) ਵੀ ਸੁਤੇ ਹੀ ਆ ਚੰਬੜਦੀਆਂ ਹਨ। ਮਾਸ ਖਾਣ ਵਾਲੇ ਪੁਰਸ਼ ਆਮ ਤੌਰ 'ਤੇ ਸ਼ਰਾਬੀ ਅਤੇ ਵਿਸ਼ੱਈ ਵੇਖਣ ਵਿਚ ਆਉਂਦੇ ਹਨ, ਪਰ ਸਾਡਾ ਮੁਖ ਤੌਰ 'ਤੇ ਸੰਬੰਧ ਮਾਸ-ਪ੍ਰਾਪਤੀ ਲਈ ਵਰਤੇ ਜਾਂਦੇ ਜ਼ੋਰ-ਜ਼ੁਲਮ ਨਾਲ ਹੈ। ਜ਼ੋਰ-ਜ਼ੁਲਮ ਨਾਲ ਪ੍ਰਾਪਤ ਕੀਤਾ ਮਾਸ ਛਕ ਕੇ ਨਾਮ ਜਪਣ ਲਈ ਮਨ ਦਾ ਟਿਕਾਅ ਕਿਵੇਂ ਸੰਭਵ ਹੋ ਸਕਦਾ ਹੈ ?

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥੧॥੬॥

(ਸਲੋਕੁ ਮ: ੧, ਪੰਨਾ ੧੪੦)

[***ਅਰਥ :*** ਜੇ ਕਪੜੇ ਉਤੇ ਖ਼ੂਨ ਦੀਆਂ ਛਿੱਟਾਂ ਪੈ ਜਾਣ ਨਾਲ ਪੁਸ਼ਾਕ ਅਪਵਿਤਰ ਹੋ ਜਾਂਦੀ ਹੈ (ਅਤੇ ਇਸ ਪੁਸ਼ਾਕ ਨੂੰ ਪਾ ਕੇ ਪੂਜਾ-ਪਾਠ ਭਜਨ-ਬੰਦਗੀ ਵਿਚ ਬੈਠਣਾ ਉਚਿਤ ਨਹੀਂ) ਤਾਂ ਜਿਹੜੇ ਮਨੁੱਖ (ਜਾਨਵਰਾਂ ਦਾ ਮਾਸ ਖਾਣ ਕਰਕੇ ਉਨ੍ਹਾਂ ਦੀ) ਸਗਵੀਂ ਰਤ ਪੀਂਦੇ ਹਨ, ਉਨ੍ਹਾਂ ਦਾ ਚਿਤ ਕਿਵੇਂ ਪਵਿੱਤਰ ਹੋ ਸਕਦਾ ਹੈ।]

ਭਲਾ ਜੇ ਕੋਈ ਆਪ-ਹੁਦਰਾ (ਅਖੌਤੀ) ਸਿਖ ਇਹ ਸ਼ੇਖੀ ਮਾਰੇ ਕਿ ਬਿਖ (ਤਮਾਕੂ) ਦਾ ਸੇਵਨ ਕਰ ਕੇ ਉਸ ਦੇ ਅੰਦਰ ਕੋਈ ਵਿਕਾਰ ਨਹੀਂ ਉਪਜਦਾ, ਤਾਂ ਕੀ ਉਸ ਲਈ ਤਮਾਕੂ ਸੇਵਨ ਦੀ ਕੋਈ ਮਨਾਹੀ ਨਹੀਂ ?

ਸਾਰੇ ਜਾਣਦੇ ਹਨ ਕਿ ਤਮਾਕੂ ਦਾ ਸੇਵਨ ਆਪਣੇ ਆਪ ਵਿਚ ਇਕ ਵੱਡਾ ਵਿਕਾਰ ਹੈ ਤੇ ਇਸ ਦੇ ਨਤੀਜੇ ਮਾਰੂ ਹਨ। ਰਹਿਤਨਾਮਿਆਂ ਵਿਚ ਤਮਾਕੂ ਨੂੰ ਵੀ ਬਿਖ ਕਰਕੇ ਵਰਣਿਆ ਗਿਆ ਹੈ। ਇਸੇ ਲਈ ਹੀ ਤਮਾਕੂ ਅਤੇ ਹੋਰ ਨਸ਼ਿਆਂ ਦੀ ਵਰਤੋਂ ਸਿਖ ਧਰਮ ਵਿਚ ਵਿਵਰਜਿਤ ਹੈ।

ਮਾਸ ਇਕ ਵਿਕਾਰ-ਉਪਜਾਊ (Passion Provoking) ਤੇ ਤਾਮਸਿਕ ਭੋਜਨ ਮੰਨਿਆ ਗਿਆ ਹੈ। ਇਹ ਮਨੁੱਖ ਦਾ ਕੁਦਰਤੀ ਅਹਾਰ ਨਹੀਂ ਤੇ ਇਸ ਦੇ ਸੇਵਨ ਕਰਨ ਨਾਲ ਸਰੀਰ ਅਤੇ ਮਨ ਦੋਹਾਂ ਉਤੇ ਕੁਦਰਤ-ਵਿਰੋਧੀ ਪ੍ਰਸਥਿਤੀਆਂ ਦਾ ਉਤਪੰਨ ਹੋਣਾ ਸੰਭਵ ਹੈ। ਮਾਸ ਜੀਵਾਂ ਨੂੰ ਕਟ ਵਢ ਕੇ ਪ੍ਰਾਪਤ

ਹੁੰਦਾ ਹੈ ਅਤੇ ਇਹ ਮਲੇਛਾਂ ਦਾ ਖਾਣਾ ਹੈ। ਜੀਵਾਂ ਦਾ ਕਟਣਾ ਵਢਣਾ ਹੱਤਿਆ ਹੈ, ਜੋ ਕਿ ਇਕ ਵੱਡਾ ਵਿਕਾਰ ਹੈ:

ਅਸੰਖ ਗਲ-ਵਢ ਹਤਿਆ ਕਮਾਹਿ ॥
ਅਸੰਖ ਪਾਪੀ ਪਾਪੁ ਕਰਿ ਜਾਹਿ ॥ *(ਜਪੁਜੀ, ਪਉੜੀ ੧੮)*

ਜਦੋਂ ਹੀ ਕਿਸੇ ਦੇ ਮਨ ਵਿਚ ਜੀਭ ਦੇ ਚਸਕੇ ਅਧੀਨ ਮਾਸ ਖਾਣ ਦਾ ਸੰਕਲਪ ਉਤਪੰਨ ਹੁੰਦਾ ਹੈ ਓਸੇ ਵਕਤ ਉਸ ਦਾ ਮਨ ਵਿਕਾਰੀ ਹੋ ਜਾਂਦਾ ਹੈ। ਫਿਰ ਉਹ ਤੁਰਤ ਬੁੱਚੜ ਦੀ ਦੁਕਾਨ 'ਤੇ ਪੁਜਦਾ ਹੈ, ਨਹੀਂ ਤਾਂ ਆਪ ਹੀ ਬੁੱਚੜ ਬਣਨ 'ਤੇ ਉਤਰ ਆਉਂਦਾ ਹੈ।

ਹੈਰਾਨੀ ਹੁੰਦੀ ਹੈ ਜਦੋਂ ਕਿਸੇ ਗੁਰਸਿਖ ਨੂੰ ਇਹ ਆਖਦਿਆਂ ਸੁਣੀਦਾ ਹੈ ਕਿ ਮਾਸ ਖਾਣ ਨਾਲ ਅੰਦਰ ਵਿਕਾਰ ਪੈਦਾ ਨਹੀਂ ਹੁੰਦਾ।

ਸਵਾਲ ਸਿੱਧਾ ਹੈ ਕਿ ਜਿਸ ਪਦਾਰਥ ਨੂੰ ਗੁਰਬਾਣੀ ਅੰਦਰ 'ਕਰੰਗ-ਬਿਖੁ' ਕਹਿ ਕੇ ਨਿੰਦਿਆ ਗਿਆ ਹੈ ਅਤੇ ਜਿਸ ਨੂੰ ਪ੍ਰਾਪਤ ਕਰਨ ਵਿਚ ਜ਼ੋਰ-ਜ਼ੁਲਮ ਕਰਨਾ ਪੈਂਦਾ ਹੈ, ਬੁੱਚੜ ਬਣਨ ਤਕ ਨੌਬਤ ਆਉਂਦੀ ਹੈ, ਉਸ ਦੀ ਵਰਤੋਂ ਗੁਰੂ ਦੇ ਸਿਖ-ਪੁੱਤਰਾਂ ਲਈ ਕਿਵੇਂ ਜਾਇਜ਼ ਹੈ?

ਦਲੀਲ ਨੰਬਰ ੨

ਮਾਸ-ਅਹਾਰੀ ਵੀਰਾਂ ਵਲੋਂ ਦਲੀਲ ਦਿਤੀ ਜਾਂਦੀ ਹੈ ਕਿ ਸਿਖ ਧਰਮ ਵਿਚ ਮੁਸਲਮਾਨੀ ਤਰੀਕੇ ਨਾਲ ਜਾਨਵਰਾਂ ਨੂੰ ਮਾਰ ਕੇ, ਭਾਵ ਕੁਹ ਕੇ ਤਿਆਰ ਕੀਤੇ ਮਾਸ ਦੀ ਮਨਾਹੀ ਹੈ, ਝਟਕਾ ਮਾਸ ਖਾਣਾ ਜਾਇਜ਼ ਹੈ।

ਵਿਚਾਰ

ਇਸ ਦਲੀਲ ਦਾ ਨਿਰੀਖਣ ਕਰਨ ਤੋਂ ਪਹਿਲਾਂ 'ਕੁੱਠੇ' ਅਤੇ 'ਝਟਕੇ' ਸੰਬੰਧੀ ਜਾਣਕਾਰੀ ਕਰ ਲੈਣੀ ਲਾਭਦਾਇਕ ਹੋਵੇਗੀ।

ਕੁੱਠਾ : ਗੁਰਬਾਣੀ ਦੀਆਂ ਹੇਠ-ਲਿਖੀਆਂ ਪੰਗਤੀਆਂ ਵਿਚ 'ਕੁਠਾ' ਸ਼ਬਦ ਆਉਂਦਾ ਹੈ:

ਅਭਾਖਿਆ ਕਾ 'ਕੁਠਾ' ਬਕਰਾ ਖਾਣਾ ॥
ਚਉਕੇ ਉਪਰਿ ਕਿਸੈ ਨ ਜਾਣਾ ॥ (੪੭੨)
ਤਿਸ ਦਾ 'ਕੁਠਾ' ਹੋਵੈ ਸੇਖੁ ॥
ਲੋਹੂ ਲਬੁ ਨਿਕਥਾ ਵੇਖੁ ॥ (੯੫੬)

ਪਾਪ ਕਰੇਦੜ ਸਰਪਰ ਮੁਠੇ ॥
ਅਜਰਾਈਲਿ ਫੜੇ ਫੜਿ 'ਕੁਠੇ' ॥ (੧੦੧੯)

ਕੁਠਾ—ਕੋਹਿਆ ਹੋਇਆ, ਅਥਵਾ ਬੇਰਹਿਮੀ ਨਾਲ ਮਾਰਿਆ ਹੋਇਆ। ਪਰ ਇਸ ਪਦ ਦੇ ਮਨ-ਮਾਨੇ ਅਰਥ ਕੀਤੇ ਜਾਂਦੇ ਹਨ, 'ਮੁਸਲਮਾਨੀ ਤਰੀਕੇ ਨਾਲ ਕਟਿਆ ਜੀਵ'।

ਝਟਕਾ: 'ਝਟਕਾ' ਪਦ ਗੁਰਬਾਣੀ ਵਿਚ ਕਿਧਰੇ ਨਹੀਂ ਆਇਆ। ਇਸ ਦੇ ਪ੍ਰਚਲਤ ਅਰਥ ਕੀਤੇ ਜਾਂਦੇ ਹਨ, 'ਸਤਿ ਸ੍ਰੀ ਅਕਾਲ ਕਹਿ ਕੇ ਸ਼ਸਤਰ ਦੇ ਇਕੋ ਵਾਰ ਨਾਲ ਜੀਵ ਦਾ ਸਿਰ ਵਢਣਾ'।

'ਕੁੱਠਾ' ਸ਼ਬਦ ਪੰਜਾਬੀ ਵਿਆਕਰਣ ਅਨੁਸਾਰ ਕੁਹਣਾ ਧਾਤੂ ਤੋਂ ਬਣਿਆ 'ਕਿਰਿਆ-ਫਲ ਕਾਰਦੰਤਕ' ਹੈ ਤੇ ਇਸ ਦੇ ਅਰਥ ਹਨ 'ਕੋਹਿਆ ਹੋਇਆ'। ਪੰਜਾਬੀ ਦੇ ਅਜਿਹੇ ਹੋਰ ਸ਼ਬਦ ਪੁਸ਼ਟੀ ਵਜੋਂ ਹੇਠਾਂ ਦਿਤੇ ਜਾਂਦੇ ਹਨ:

ਰੁਸਿਆ ਹੋਇਆ—ਰੁੱਠਾ
ਵਸਿਆ ਹੋਇਆ—ਵੁੱਠਾ
ਢਹਿਆ ਹੋਇਆ—ਢੱਠਾ
ਦੇਖਿਆ ਹੋਇਆ—ਡਿੱਠਾ
ਮੁਹਿਆ ਹੋਇਆ—ਮੁੱਠਾ
ਘੁਥਾ ਹੋਇਆ—ਘੁਠਾ

'ਕੁਠਾ' ਦੇ ਅਰਥ ਹਨ 'ਕੋਹਿਆ ਹੋਇਆ ਮਾਸ' ਅਤੇ ਖਾਲਸਾ ਰਹਿਤ ਵਿਚ ਕੁੱਠਾ ਖਾਣਾ ਵਰਜਿਤ ਹੈ। ਇਸ ਸਚਾਈ ਤੋਂ ਮੁਕਰਿਆ ਨਹੀਂ ਜਾ ਸਕਦਾ ਕਿ ਛੁਰੀ ਨਾਲ ਕੋਹੇ ਜਾਣ ਜਾਂ ਕਿਸੇ ਹੋਰ ਹਥਿਆਰ ਨਾਲ ਕੱਟੇ ਜਾਣ, ਭਾਵ, ਦੋਹਾਂ ਹਾਲਤਾਂ ਵਿਚ ਹੀ ਜਾਨਵਰਾਂ ਨੂੰ ਸਰੀਰਕ ਅਤੇ ਮਾਨਸਕ ਕਸ਼ਟ ਹੁੰਦਾ ਹੈ। ਇਹ ਤਾਂ ਮੰਨਿਆ ਜਾ ਸਕਦਾ ਹੈ ਕਿ ਜਾਨਵਰ ਨੂੰ ਇਕੋ ਝਟਕੇ ਨਾਲ ਕਟਣ ਨਾਲੋਂ ਹੌਲੀ ਹੌਲੀ ਕਟਣ ਵਿਚ ਕਸ਼ਟ ਜ਼ਿਆਦਾ ਹੁੰਦਾ ਹੈ, ਪਰ ਇਹ ਕਹਿਣਾ ਕਿ ਝਟਕੇ ਨਾਲ ਜਾਨਵਰ ਨੂੰ ਕਤਈ ਕਸ਼ਟ ਨਹੀਂ ਹੁੰਦਾ, ਆਪਣੇ ਮਨ ਨੂੰ ਧੋਖਾ ਦੇਣ ਵਾਲੀ ਗੱਲ ਹੈ। ਜਾਨਵਰ ਜਦੋਂ ਆਪਣੇ ਸਾਥੀਆਂ ਨੂੰ ਬੁੱਚੜ ਹੱਥੀਂ ਕੁਹੀਂਦੇ ਵੇਖਦਾ ਹੈ ਅਤੇ ਉਹਨਾਂ ਦੀਆਂ ਚੀਕ-ਪੁਕਾਰਾਂ ਸੁਣਦਾ ਹੈ ਅਤੇ ਫਿਰ ਤੇਜ਼ ਹਥਿਆਰ ਲਈ ਬੁੱਚੜ ਨੂੰ ਆਪਣੇ ਵਲ ਆਉਂਦਿਆਂ ਵੇਖਦਾ ਹੈ ਤਾਂ ਡਰ ਅਤੇ ਮਾਨਸਕ ਸਹਿਮ ਕਾਰਨ ਉਸ ਦੇ ਹਵਾਸ ਉੱਡ ਜਾਂਦੇ ਹਨ। ਵਿਚਾਰਾ ਚੀਕ-ਚਿਹਾੜਾ ਕਰਦਾ ਹੈ, ਝਟਕਈ ਦੇ ਹੱਥੋਂ ਨਿਕਲ ਨਿਕਲ ਜਾਂਦਾ ਹੈ। ਉਸ

ਦਾ ਮਾਨਸਕ ਅਤੇ ਸਰੀਰਕ ਕਸ਼ਟ ਸਿਖਰ 'ਤੇ ਪੁਜ ਜਾਂਦਾ ਹੈ, ਜਦੋਂ ਬੁੱਚੜ ਉਸ ਨੂੰ ਸ਼ਿਕੰਜੇ ਵਿਚ ਜਕੜ ਕੇ ਤੇਜ਼ ਹਥਿਆਰ ਦੇ ਵਾਰ ਨਾਲ ਉਸ ਦੀ ਗਰਦਨ ਧੜ ਤੋਂ ਵੱਖ ਕਰ ਦੇਂਦਾ ਹੈ।

ਅਜਬ ਗੱਲ ਹੈ ਕਿ ਆਪਣੀ ਤੋਤਕੜੀ (ਜੀਭ) ਦੇ ਸੁਆਦ ਲਈ ਲੋਭ-ਲਹਿਰ ਦੇ ਹਲਕਾਏ ਹੋਏ ਅਸੀਂ ਬੇਕਸੂਰ ਮਾਸੂਮ ਅਤੇ ਬੇ-ਜ਼ਬਾਨ (ਬੇ-ਜ਼ਬਾਨ ਇਸ ਲਈ ਕਿ ਉਹ ਸਾਡੇ ਜ਼ੋਰ-ਜ਼ੁਲਮ ਵਿਰੁਧ ਦਾਦ-ਫ਼ਰਿਆਦ ਨਹੀਂ ਕਰ ਸਕਦੇ) ਜਾਨਵਰਾਂ ਉਤੇ ਜ਼ੁਲਮ ਕਰਦੇ ਹਾਂ, ਉਹਨਾਂ ਨੂੰ ਵੱਢਦੇ-ਟੁਕਦੇ ਹਾਂ, ਪਰ ਫਿਰ ਬੜੇ ਹੌਸਲੇ ਨਾਲ ਇਹ ਦਾਅਵਾ ਬੰਨ੍ਹਦੇ ਹਾਂ ਕਿ ਜੀ, ਝਟਕੇ ਦੁਆਰਾ ਵਢਣ ਨਾਲ ਜਾਨਵਰ ਨੂੰ ਕਤੱਈ ਤਕਲੀਫ਼ ਨਹੀਂ ਹੁੰਦੀ। ਇਹ ਹੱਠ-ਧਰਮੀ ਮਨੁੱਖ ਸ਼ਾਇਦ ਇਸ ਲਈ ਕਰਦਾ ਹੈ ਕਿ ਸੰਸਾਰ ਉਤੇ ਸਾਰੀਆਂ ਕਚਹਿਰੀਆਂ ਮਨੁੱਖ ਨੇ ਆਪ ਬਣਾਈਆਂ ਹੋਈਆਂ ਹਨ। ਮਨੁੱਖ ਜਾਤੀ ਦੀਆਂ ਬਣਾਈਆਂ ਹੋਈਆਂ ਕਚਹਿਰੀਆਂ ਵਿਚ ਭਾਵੇਂ ਮਨੁੱਖ ਵਲੋਂ ਜਾਨਵਰ ਉਤੇ ਕੀਤੇ ਗਏ ਜ਼ੋਰ-ਜ਼ੁਲਮ ਵਿਰੁਧ ਦਾਦ-ਫ਼ਰਿਆਦ ਦੀ ਕੋਈ ਗੁੰਜਾਇਸ਼ ਨਹੀਂ, ਪਰ ਸਰਬੱਤ ਜੀਵ-ਜੰਤੂਆਂ ਦੇ ਮਾਲਕ ਵਾਹਿਗੁਰੂ ਦੀ ਸੱਚੀ ਕਚਹਿਰੀ ਵਿਚ ਹਰੇਕ ਦੀਨ-ਦੁਖੀ ਦੀ ਪੁਕਾਰ ਸੁਣ ਕੇ ਉਸ ਉਤੇ ਸੱਚਾ ਨਿਆਂ ਕੀਤਾ ਜਾਂਦਾ ਹੈ। ਵਾਹਿਗੁਰੂ ਦੇ ਧਰਮ-ਨਿਆਂ ਦੀ ਮਾਰ ਤੋਂ ਕੋਈ ਜ਼ਾਲਮ ਬੱਚ ਨਹੀਂ ਸਕਦਾ, ਭਾਵੇਂ ਉਹ ਵੱਡਾ ਹੋਵੇ ਜਾਂ ਛੋਟਾ :

ਧਰਮਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥
ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥ (੩੮) *(ਪੰਨਾ ੩੮)*

ਗੁਰਬਾਣੀ ਦਾ ਫ਼ਤਵਾ ਹਰੇਕ ਜ਼ਾਲਮ ਲਈ ਸਪੱਸ਼ਟ ਤੇ ਸਾਂਝਾ ਹੈ :

ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥
ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ ॥੨੦੦॥

ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ ॥
ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ ॥੧੯੯॥
(ਸਲੋਕ ਕਬੀਰ ਜੀ, ਪੰਨਾ ੧੩੭੫)

ਸੀਹ ਪਜੂਤੀ ਬਕਰੀ ਮਰਦੀ ਹੋਈ ਹੜ ਹੜ ਹਸੀ ॥
ਸੀਹੁ ਪੁਛੈ ਵਿਸਮਾਦ ਹੋਇ ਇਤੁ ਅਉਸਰ ਕਿਤੁ ਰਹਸਿ ਰਹਸੀ ॥
ਬਿਨਉ ਕਰੇਦੀ ਬਕਰੀ ਪੁਤ੍ਰ ਅਸਾਡੇ ਕੀਚਨਿ ਖਸੀ ॥
ਅਕ ਧਤੂਰਾ ਖਾਧਿਆ ਕੁਹਿ ਕੁਹਿ ਖਲ ਉਖਲਿ ਵਿਣਸੀ ॥

ਮਾਸੁ ਖਾਨ ਗਲ ਵਢਿ ਕੈ ਹਾਲੁ ਤਿਨਾੜਾ ਕਉਣ ਹੋਵਸੀ॥
ਗਰਬ ਗਰੀਬ ਦੇਹ ਖੇਹ ਖਾਜੁ ਅਖਾਜੁ ਅਕਾਜੁ ਕਰਸੀ॥
ਜਗਿ ਆਇਆ ਸਭ ਕੋਈ ਮਰਸੀ॥੧੭॥

(ਭਾਈ ਗੁਰਦਾਸ ਜੀ, ਵਾਰ ੨੫)

ਕੁਹਿ ਕਸਾਈ ਬਕਰੀ ਲਾਇ ਲੂਣ ਸੀਖ ਮਾਸ ਪਰੋਆ॥
ਹਸਿ ਹਸਿ ਬੋਲੀ ਕੁਹੀਦੀ ਖਾਧੇ ਅਕੁ ਹਾਲੁ ਇਹ ਹੋਆ॥
ਮਾਸ ਖਾਨ ਗਲ ਛੁਰੀ ਦੇ ਹਾਲ ਤਿਨਾੜਾ ਕਉਣ ਅਲੋਆ॥
ਜੀਭੈ ਹੰਦਾ ਫੇੜਿਐ ਖਉ ਦੰਦਾਂ ਮੁਹਿ ਭੰਨਿ ਵਿਗੋਆ॥
ਪਰਤਨ ਪਰਧਨ ਨਿੰਦ ਕਰਿ ਹੋਆ ਦੁਜੀਭਾ ਬਿਸੀਅਰੁ ਭੋਆ॥
ਵਸਿ ਆਵੈ ਗੁਰ ਮੰਤ ਸੁਣਿ ਨਿਗੁਰਾ ਮਨਮੁਖ ਸੁਣੈ ਨ ਸੋਆ॥
ਵੇਖਿ ਨ ਚਲੈ ਅਗੈ ਟੋਆ॥੨੧॥

(ਭਾਈ ਗੁਰਦਾਸ ਜੀ, ਵਾਰ ੩੭)

ਜੀਭ ਦੇ ਸੁਆਦ ਲਈ ਜੀਵਾਂ ਦੇ ਸੰਘਾਰ ਕਰਨੋਂ ਗੁਰਬਾਣੀ ਸਪੱਸ਼ਟ ਤੌਰ ਤੇ ਵਰਜਦੀ ਹੈ। ਸੰਘਾਰ ਲਈ ਭਾਵੇਂ ਕੋਈ ਤਰੀਕਾ ਵਰਤਿਆ ਜਾਵੇ, 'ਝਟਕਾ' ਜਾਂ 'ਹਲਾਲੁ', ਹੱਤਿਆ ਦਾ ਦੋਸ਼ ਹਰ ਹਾਲਤ ਵਿਚ ਕਾਇਮ ਰਹਿੰਦਾ ਹੈ। ਸਧਾਰਨ ਮਨੁੱਖ ਬੇ-ਸਮਝੀ ਅਤੇ ਅਗਿਆਨਤਾ ਵਿਚ ਮਾਸ ਖਾਣ ਦੀ ਗ਼ਲਤੀ ਕਰਦੇ ਹਨ, ਇਹ ਕੁਝ ਹੋਰ ਗੱਲ ਹੈ। ਹੈਰਾਨੀ ਤਾਂ ਇਹ ਹੈ ਕਿ ਸੂਝ ਵਾਲੇ ਬੰਦੇ ਜੀਭ ਦੇ ਚਸਕੇ ਅਧੀਨ ਜੀਵਾਂ ਨੂੰ ਮਾਰ ਕੇ ਮਾਸ ਖਾਣ ਦਾ ਕੁਕਰਮ ਕਰਦੇ ਹਨ, ਅਤੇ ਫਿਰ ਇਸ ਕੁਕਰਮ ਨੂੰ ਸ਼ੁਭ-ਕਰਮ ਸਿਧ ਕਰਨ ਲਈ ਢੁੱਚਰਾਂ ਘੜਦੇ ਹਨ ਕਿ ਜੀ! ਇਸ ਜਾਨਵਰ ਦੀ ਰੱਬ ਦੇ ਨਾਂ 'ਤੇ ਬਲੀ ਦਿਤੀ ਗਈ ਹੈ ਤੇ ਇਸ ਦੀ ਜੂਨ ਕੱਟੀ ਗਈ ਹੈ। ਅਜਿਹੇ ਬੰਦਿਆਂ ਲਈ ਗੁਰਬਾਣੀ ਦਾ ਫ਼ੁਰਮਾਨ ਹੈ ਕਿ ਉਹ ਸੁਆਰਥੀ ਲੋਕ ਲੋਭ-ਲਹਿਰ ਵਿਚ ਅੰਨ੍ਹੇ ਹੋਏ ਹੋਏ ਕੇਵਲ ਜ਼ਬਾਨ ਦੇ ਚਸਕੇ ਦਾ ਅਤੇ ਆਪਣੀ ਗੋਗੜ ਵਧਾਣ ਦਾ ਹੀ ਖ਼ਿਆਲ ਕਰਦੇ ਹਨ, ਵਿਚਾਰੇ ਜਾਨਵਰਾਂ ਦੇ ਕਸ਼ਟ ਦਾ ਉਨ੍ਹਾਂ ਨੂੰ ਰਤਾ ਖ਼ਿਆਲ ਨਹੀਂ ਆਉਂਦਾ। ਸੰਸਾਰ ਉਤੇ ਸੁਆਦਲੇ ਅਤੇ ਤਾਕਤਵਰ ਪਦਾਰਥ ਬੇਅੰਤ ਹਨ, ਜੋ ਧਰਤੀ ਦੇ ਸਰਦਾਰ ਮਨੁੱਖ ਨੂੰ ਪ੍ਰਾਪਤ ਹਨ। ਫਿਰ ਜਾਨਵਰਾਂ ਦੀ ਸੰਘੀ ਘੁਟਣ ਦਾ ਅਨਰਥ ਕਰ ਕੇ ਮਨੁੱਖ ਪਤਾ ਨਹੀਂ ਕਿਉਂ ਝੱਖ ਮਾਰਦਾ ਹੈ? ਯਥਾ ਗੁਰਵਾਕ:

ਰੋਜਾ ਧਰੈ ਮਨਾਵੈ ਅਲਹੁ, ਸੁਆਦਤਿ ਜੀਅ ਸੰਘਾਰੈ॥
ਆਪਾ ਦੇਖਿ ਅਵਰ ਨਹੀ ਦੇਖੈ, ਕਾਹੇ ਕਉ ਝਖ ਮਾਰੈ॥ (੪੮੩)

ਅਫ਼ਸੋਸ ਤਾਂ ਇਸ ਗੱਲ ਦਾ ਹੈ ਕਿ ਮਾਸ-ਅਹਾਰੀ ਚੁਲਾਕ ਬੰਦਿਆਂ ਨੇ ਖ਼ਾਸ ਵਿਧੀ ਅਨੁਸਾਰ ਤਿਆਰ ਕੀਤੇ ਮਾਸ ਦੇ ਖਾਣ ਨੂੰ ਧਰਮ ਵਿਚ ਸ਼ਾਮਲ ਕੀਤਾ ਹੋਇਆ ਹੈ। ਗੁਰਬਾਣੀ ਅਜਿਹੀ ਪਰਪੰਚ-ਲੀਲ੍ਹਾ ਰਚਣ ਵਾਲੇ ਪਰਪੰਚੀ ਮਨੁੱਖਾਂ ਦਾ ਬਣਾ ਕੇ ਪਾਜ ਉਘੇੜਦੀ ਹੈ :

ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥ (੧੧੦੩)

ਹੋਰ ਤਾਂ ਕੋਈ ਮੁਕਰ ਜਾਏ, ਪਰ ਗੁਰੂ ਕੇ ਨਾਮ ਲੇਵਾ ਸਿਖ, ਇਸ ਫ਼ੁਰਮਾਨ ਦੇ ਉਨ੍ਹਾਂ 'ਤੇ ਲਾਗੂ ਹੋਣ ਤੋਂ ਕਿਸ ਤਰ੍ਹਾਂ ਮੁਕਰ ਸਕਦੇ ਹਨ ? ਅਰਥ ਸਪੱਸ਼ਟ ਹਨ :

ਹੇ ਗੁਰੂ ਕੇ ਸਿਖੋ ! ਜੀਵਾਂ ਨੂੰ ਮਾਰਦੇ ਹੋ 'ਤੇ ਇਸ (ਕੁਕਰਮ ਨੂੰ) ਧਰਮ (ਰਹਿਤ) ਕਰਕੇ ਮੰਨਦੇ ਤੇ ਪਰਚਾਰਦੇ ਹੋ, ਤਾਂ ਅਧਰਮ (ਕੁਰਹਿਤ) ਕਿਹੜੀ ਬਲਾ ਦਾ ਨਾਮ ਹੈ ?

ਜੇ (ਜੀਵਾਂ ਤੇ ਜ਼ੋਰ-ਜ਼ੁਲਮ ਕਰ ਕੇ ਪ੍ਰਾਪਤ ਕੀਤਾ ਹੋਇਆ, ਮਾਸ ਵਰਗਾ ਨਿੰਦਤ ਪਦਾਰਥ ਖਾ ਕੇ ਫਿਰ ਵੀ) ਆਪਣੇ ਆਪ ਨੂੰ ਸ੍ਰੇਸ਼ਟ ਪੁਰਸ਼ (ਸੰਤ-ਖਾਲਸਾ) ਸਮਝਦੇ ਹੋ ਤਾਂ ਫਿਰ ਕਸਾਈ ਕੌਣ ਹੋਇਆ ?

ਝਟਕਈ, ਕਸਾਈ ਅਤੇ ਬੁੱਚੜ ਇਕੋ ਵਿਅਕਤੀ ਦੇ ਪ੍ਰਤੀਕ ਸ਼ਬਦ ਹਨ, ਜੋ ਜੀਵਾਂ ਨੂੰ ਕੱਟਣ-ਵੱਢਣ ਦੀ ਕਿਰਿਆ ਕਰਦਾ ਹੈ, ਭਾਵੇਂ ਉਹ ਕਿਸੇ ਮਤ ਦਾ ਹੋਵੇ। ਇਹ ਕੋਈ ਆਦਰ-ਨੀਯ ਸ਼ਬਦ ਨਹੀਂ, ਪਰ ਜਾਨਵਰਾਂ ਨੂੰ ਕੱਟਣ ਵਾਲੇ, ਅਥਵਾ ਛਕਣ ਵਾਲੇ ਵਿਅਕਤੀ ਇਸ ਘਿਰਣਤ ਸ਼੍ਰੇਣੀ ਵਿਚੋਂ ਨਿਕਲ ਨਹੀਂ ਸਕਦੇ।

ਕਿੰਨਾ ਅੰਨ੍ਹੇਰ ਹੈ ਜਿਸ ਖ਼ਾਲਸੇ ਦੀ ਸਿਰਜਨਾ ਜ਼ੋਰ-ਜ਼ੁਲਮ ਦਾ ਨਾਸ਼ ਕਰਨ ਲਈ ਕੀਤੀ ਗਈ ਹੋਵੇ, ਉਹ ਖਾਲਸਾ ਜੀਵਾਂ ਪ੍ਰਤੀ ਆਪ ਜ਼ਾਲਮ ਬਣ ਬੈਠੇ ! ਧੱਕਾ ਕਰਨ ਵਾਲਾ ਵਿਅਕਤੀ ਆਪਣੀ ਵਧੀਕੀ ਕਦੀ ਮੰਨਿਆ ਕਰਦਾ ਹੈ ? ਬਿਲਕੁਲ ਨਹੀਂ। ਔਰੰਗਜ਼ੇਬ ਮੰਨਿਆ-ਪ੍ਰਮੰਨਿਆ ਜ਼ਾਲਮ ਸੀ, ਪਰ ਉਹ ਇਸਲਾਮ ਦੀ ਸੇਵਾ ਦਾ ਬੁਰਕਾ ਪਾ ਕੇ ਸਦਾ ਹੀ ਆਪਣੇ ਜ਼ੁਲਮ ਨੂੰ ਲੁਕਾਉਣ ਦਾ ਯਤਨ ਕਰਦਾ ਰਿਹਾ। ਚਲਾਕ ਬੰਦੇ ਆਪਣੀਆਂ ਕਮਜ਼ੋਰੀਆਂ ਲੁਕਾਉਣ ਲਈ ਸਦਾ ਧਰਮ ਦੀ ਆੜ ਲੈਂਦੇ ਹਨ। ਇਸ ਆੜ ਲੈਣ ਦੇ ਬਾਵਜੂਦ ਕਿਸੇ ਦੇ ਕੁਕਰਮ ਤਾਂ ਜ਼ਿਆਦਾ ਦੇਰ ਤਕ ਲੁਕੇ ਨਹੀਂ ਰਹਿ ਸਕਦੇ, ਧਰਮ ਦੀ ਆੜ ਵਿਚ ਕੀਤੇ ਗਏ ਕੁਕਰਮਾਂ ਕਾਰਨ ਧਰਮ ਜ਼ਰੂਰ ਬਦਨਾਮ ਹੋ ਜਾਂਦਾ ਹੈ।

ਜੀਵ-ਹੱਤਿਆ ਨੂੰ ਧਰਮ ਦਾ ਅੰਗ ਦੱਸ ਕੇ, ਭਾਵ ਖਾਲਸਾ ਰਹਿਤ ਵਿਚ ਸ਼ਾਮਲ ਦੱਸ ਕੇ ਮਾਸ ਦੇ ਚਸਕੋਰੇ ਭਰਾ, ਕੀ ਇੰਜ ਕਰ ਕੇ ਸਿੱਖ ਧਰਮ ਨੂੰ ਬਦਨਾਮ ਨਹੀਂ ਕਰ ਰਹੇ ?

ਦਇਆ ਦੈਵੀ-ਗੁਣਾਂ ਦਾ ਸਿਰਮੌਰ ਗੁਣ ਹੈ। ਇਸ ਨੂੰ 'ਧਰਮ ਦਾ ਮੁੱਢ ਮੰਨਿਆ ਜਾਂਦਾ ਹੈ। ਦਇਆਵਾਨ ਮਨੁੱਖ ਦੀ ਸ਼ਖ਼ਸੀਅਤ ਪ੍ਰਭਾਵਸ਼ਾਲੀ ਅਤੇ ਮਿੱਠੀ ਹੁੰਦੀ ਹੈ ਅਤੇ ਦੂਜਿਆਂ ਨਾਲ ਵਤੀਰਾ ਸੁਖਾਵਾਂ ਤੇ ਸੁਖਦਾਈ ਹੁੰਦਾ ਹੈ। ਇਸ ਦੇ ਉਲਟ ਨਿਰਦਈ ਪੁਰਸ਼ ਖਰ੍ਹਵਾ ਅਤੇ ਕੁਰੱਖ਼ਤ ਹੁੰਦਾ ਹੈ ਅਤੇ ਉਸ ਦਾ ਦੂਜਿਆਂ ਪ੍ਰਤੀ ਵਰਤੋਂ-ਵਿਹਾਰ ਚੁਭਵਾਂ ਤੇ ਦੁਖਦਾਈ ਹੁੰਦਾ ਹੈ।

ਗੁਰਬਾਣੀ ਵਿਚ ਦਇਆ ਦੀ ਬੜੀ ਮਹੱਤਤਾ ਅਤੇ ਸਲਾਹੁਤਾ ਹੈ, ਟੂਕ ਮਾਤ੍ਰ ਪ੍ਰਮਾਣ ਪੁਸ਼ਟੀ ਵਜੋਂ ਹੇਠਾ ਦਿਤੇ ਜਾਂਦੇ ਹਨ:

ਧੌਲੁ ਧਰਮੁ ਦਇਆ ਕਾ ਪੂਤੁ ॥ *(ਜਪੁਜੀ, ਪੰਨਾ ੩)*

[*ਅਰਥ :* 'ਧਰਮ', ਜਿਸ ਨੇ ਧਰਤੀ ਥੰਮ੍ਹੀ ਹੋਈ ਹੈ, ਦਇਆ ਦਾ ਪੁੱਤਰ ਹੈ।]

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
(ਬਾਰਹਮਾਹ ਮਾਂਝ ਮ: ੫, ਪੰਨਾ ੧੩੬)

[*ਅਰਥ :* ਜੀਵਾਂ ਉਪਰ ਦਇਆ ਕਰਨੀ ਮਾਨੋ ਅਠਾਹਠ ਤੀਰਥਾਂ 'ਤੇ ਇਸ਼ਨਾਨ ਕਰਨ ਤੁਲ ਹੈ, ਜੀਅ ਦਇਆ ਦੁਆਰਾ ਹੀ ਮਨੁੱਖ ਕਬੂਲ ਪੈਂਦਾ ਹੈ।]

ਮਨਿ ਸੰਤੋਖੁ ਸਰਬ ਜੀਅ ਦਇਆ ॥
ਇਨ ਬਿਧਿ ਬਰਤੁ ਸੰਪੂਰਨ ਭਇਆ ॥ (੨੯੯)

[*ਅਰਥ :* ਜੀਵਨ ਵਿਚ ਸਤ, ਸੰਤੋਖ ਅਤੇ ਦਇਆ ਧਾਰਨ ਕਰਨੀ ਹੀ ਸੱਚਾ ਤੇ ਸ੍ਰੇਸ਼ਟ ਵਰਤ ਹੈ।]

ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥੪੦॥
(ਸਹਸਕ੍ਰਿਤੀ ਮ: ੫, ਪੰਨਾ ੧੩੫੭)

[*ਅਰਥ :* ਸਤ ਪੁਰਸ਼ਾਂ ਦੇ ਲਛਣਾਂ ਵਿਚੋਂ ਸ੍ਰੇਸ਼ਟ ਲਛਣ ਇਹ ਹੈ ਕਿ ਉਹ ਸਾਰਿਆਂ ਜੀਵਾਂ ਪ੍ਰਤੀ ਦਇਆ ਦੇ ਧਾਰਨੀ ਹੁੰਦੇ ਹਨ ਅਤੇ ਪੰਜ ਦੋਖ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ) ਸਦਾ ਵਰਜੀ ਰਖਦੇ ਹਨ।]

ਇਸੇ ਲਈ ਗੁਰਬਾਣੀ ਦਾ ਹੁਕਮ ਹੈ:

ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿ ਮਣੀ ਕਰਿ ਫੀਕੀ ॥ (੪੮੦)

[**ਅਰਥ :** ਸਾਰੇ ਜੀਵਾਂ ਵਿਚ ਖਸਮ ਵੱਸਦਾ ਜਾਣ ਅਤੇ ਉਹਨਾਂ ਉਤੇ ਤਰਸ ਕਰ ਅਤੇ ਖ਼ੁਦਗਰਜ਼ੀ ਅਤੇ ਹੰਕਾਰ ਨੂੰ ਜੀਵਨ ਵਿਚ ਬੇਸੁਆਦਾ ਸਮਝ (ਕੇ ਤਿਆਗ ਦੇਹ)।]

ਉਪਰੋਕਤ ਗੁਰ-ਪ੍ਰਮਾਣਾਂ ਤੋਂ ਸਪੱਸ਼ਟ ਹੈ ਕਿ 'ਜੀਅ-ਦਇਆ' ਗੁਰਮਤਿ ਦਾ ਪ੍ਰਵਾਣਿਤ, ਪ੍ਰਮੁਖ ਤੇ ਮੁਢਲਾ ਸਿਧਾਂਤ ਹੈ। ਫਿਰ ਸਵਾਲ ਪੈਦਾ ਹੁੰਦਾ ਹੈ ਕਿ ਕੀ ਮਾਸ-ਅਹਾਰੀ ਸਿੱਖਾਂ ਨੂੰ ਇਸ ਸਿਧਾਂਤ ਦੇ ਮੰਨਣ ਤੇ ਅਪਣਾਉਣ ਤੋਂ ਛੋਟ ਮਿਲੀ ਹੋਈ ਹੈ ? ਜੇ ਹੈ ਤਾਂ ਕਿਥੇ ? ਪਰ ਜੇ ਜੀਅ-ਦਇਆ ਦਾ ਸਿਧਾਂਤ ਸਭ ਉਤੇ ਲਾਗੂ ਹੈ ਤਾਂ ਕੀ ਜ਼ੋਰ-ਜ਼ੁਲਮ ਵਰਤ ਕੇ ਪ੍ਰਾਪਤ ਕੀਤਾ ਮਾਸ ਖਾਣ ਨਾਲ, ਇਸ ਸਿਧਾਂਤ ਦੀ ਉਲੰਘਣਾ ਨਹੀਂ ਹੁੰਦੀ ?

ਨਿਰਸੰਦੇਹ 'ਜੀਅ-ਦਇਆ' ਅਤੇ 'ਜੀਵ-ਹੱਤਿਆ' ਪਰਸਪਰ ਵਿਰੋਧੀ ਵਿਚਾਰ-ਧਾਰਾ ਹਨ। ਪਹਿਲੀ ਵਿਚਾਰ-ਧਾਰਾ ਦੀ ਸਿਖ ਧਰਮ ਅੰਦਰ ਸ਼ਲਾਘਾ ਹੈ ਅਤੇ ਦੂਜੀ ਦੀ ਨਿਖੇਧੀ।

ਫਿਰ ਗੁਰੂ ਕੇ ਨਾਮ-ਲੇਵਾ ਸਿਖ ਜੀਵ-ਹੱਤਿਆ ਕਮਾ ਕੇ ਕਿਉਂ ਗੁਰਮਤਿ ਦੀ ਰਹੁ-ਰੀਤੀ ਨੂੰ ਭੰਗ ਕਰਦੇ ਹਨ ?

ਕੁਦਰਤੀ ਸਵਾਲ ਹੈ ਕਿ ਕੀ ਜੀਵ-ਦਇਆ ਦਾ ਘੇਰਾ ਕੇਵਲ ਮਨੁੱਖ ਸ਼੍ਰੇਣੀ ਉਤੇ ਦਇਆ ਕਰਨ ਤਕ ਹੀ ਸੀਮਤ ਹੈ ? ਕੀ ਬਾਕੀ ਜੀਵ-ਜੰਤੂਆਂ ਵਿਚ ਵਾਹਿਗੁਰੂ ਦੀ ਜੋਤਿ ਨਹੀਂ ? ਕੀ ਉਹਨਾਂ ਵਿਚ ਦੁਖ-ਸੁਖ ਮਹਿਸੂਸ ਕਰਨ ਦੇ ਜਜ਼ਬੇ ਨਹੀਂ ?

ਇਸ ਸਚਾਈ ਤੋਂ ਮੁਕਰਿਆ ਨਹੀਂ ਜਾ ਸਕਦਾ ਕਿ ਬਾਕੀ ਦੇ ਜੀਵ-ਜੰਤੂ ਵੀ ਮਨੁੱਖ ਵਾਂਗ ਪੰਜ ਤੱਤਾਂ ਦੇ ਬਣੇ ਹੋਏ ਹਨ ਅਤੇ ਉਹਨਾਂ ਅੰਦਰ ਵੀ ਦੁਖ ਵਿਚ ਗ਼ਮੀ ਅਤੇ ਸੁਖ ਵਿਚ ਖ਼ੁਸ਼ੀ ਦੇ ਜਜ਼ਬੇ ਮਨੁੱਖ ਵਾਂਗ ਹੀ ਉਤਪੰਨ ਹੁੰਦੇ ਹਨ। ਪਸ਼ੂ-ਪੰਛੀਆਂ ਨੂੰ ਵੀ ਆਪਣੀ ਜਾਨ ਮਨੁੱਖ ਵਾਂਗੂੰ ਹੀ ਪਿਆਰੀ ਹੈ ਤੇ ਉਹਨਾਂ ਨੂੰ ਵੀ ਆਪਣੇ ਬਾਲ-ਬੱਚੇ ਓਵੇਂ ਹੀ ਪਿਆਰੇ ਹਨ ਜਿਵੇਂ ਸਾਨੂੰ। ਫਿਰ ਗੁਰਬਾਣੀ ਨੂੰ ਗੁਰੂ ਮੰਨਣ ਵਾਲਾ ਗੁਰਸਿੱਖ, ਜੀਭ ਦੇ ਸੁਆਦ ਲਈ ਕਿਉਂ ਜੀਵਾਂ ਦੀ ਜਾਨ 'ਤੇ ਖੇਡਦਾ ਅਤੇ ਗੁਰਬਾਣੀ ਦੇ 'ਜੀਅ-ਦਇਆ' ਦੇ ਸਿਧਾਂਤ ਦੀ ਉਲੰਘਣਾ ਕਰਦਾ ਹੈ ?

ਗੁਰਬਾਣੀ 'ਦਯਾਲੰ ਸਰਬਤ੍ਰ ਜੀਆ' ਦਾ ਪਾਵਨ ਉਪਦੇਸ਼ ਦ੍ਰਿੜ੍ਹ ਕਰਾਉਂਦੀ ਹੈ, ਕਿਉਂਕਿ ਸਾਰਿਆਂ ਜੀਵਾਂ ਵਿਚ, ਰਮਈਏ ਪ੍ਰਭੂ ਦੀ ਜੋਤਿ ਜਲਵਾ-ਗਰ ਹੈ।

ਪ੍ਰਭੂ ਦੇ ਸਰਬ-ਨਿਵਾਸੀ ਹੋਣ ਦੀ ਸਚਾਈ ਬੇਦ ਅਤੇ ਕਤੇਬ ਆਪਣੇ

ਆਪਣੇ ਅਨੁਆਈਆਂ ਪ੍ਰਤੀ ਉਜਾਗਰ ਕਰਦੇ ਹਨ। ਪਰ ਖ਼ੁਦਗ਼ਰਜ਼ੀ ਅਤੇ ਚਸਕੇ ਅਧੀਨ ਅੰਨ੍ਹਾ ਹੋਇਆ ਮਨੁੱਖ ਧਰਮ-ਪੁਸਤਕਾਂ ਦੁਆਰਾ ਪਰਚਾਰੇ ਗਏ 'ਘਟਿ ਘਟਿ ਵਾਸੀ ਸਰਬ ਨਿਵਾਸੀ'[1] ਦੇ ਸਿਧਾਂਤ ਨੂੰ ਅੱਖੋਂ ਓਹਲੇ ਕਰ ਕੇ ਜੀਵਾਂ ਦਾ ਖ਼ੂਨ ਕਰਦਾ ਹੈ। ਇਸ ਵਿਚ ਧਾਰਮਿਕ ਪੁਸਤਕਾਂ ਦਾ ਕੀ ਦੋਸ਼! ਇਹ ਮੋਮੋ-ਠਗਣਾ ਮੋਮਨ ਮਨੁੱਖ ਜੀਵਾਂ ਨੂੰ ਸੰਘਾਰਨ ਦੀ ਝੱਖ ਤਾਂ ਮਾਰਦਾ ਹੈ ਆਪਣੇ ਚਸਕੇ ਲਈ, ਜਾਂ ਵਿਸ਼ੇ ਭੋਗਾਂ ਵਿਚ ਨਿਸ਼ੰਗ ਹੋ ਕੇ ਪਰਵਿਰਤ ਹੋਣ ਕਾਰਨ ਖੀਣ ਹੋਈ ਸਰੀਰਕ ਸਤਿਆ ਨੂੰ ਜੀਵਾਂ ਦੀ ਸਤਿਆ ਲੁਟ ਕੇ ਪੂਰੀ ਕਰਨ ਹਿਤ, ਪਰ ਆਪਣੀ ਮੰਦ-ਕਰਣੀ ਨੂੰ 'ਹਲਾਲ' ਦੇ ਪੜਦੇ ਥਲੇ ਲੁਕਾਉਣ ਦਾ ਯਤਨ ਕਰਦਾ ਹੈ। ਗੁਰਬਾਣੀ ਅਜਿਹੇ ਪਰਪੰਚੀ ਮਨੁੱਖ ਦਾ ਪਾਜ ਖ਼ੂਬ ਉਘੇੜਦੀ ਹੈ:

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ,
ਤਉ ਕਿਉ ਮੁਰਗੀ ਮਾਰੈ॥੧॥
ਮੁਲਾਂ ਕਹਹੁ ਨਿਆਉ ਖੁਦਾਈ॥
ਤੇਰੇ ਮਨ ਕਾ ਭਰਮੁ ਨ ਜਾਈ॥੧॥ਰਹਾਉ॥
ਪਕਰਿ ਜੀਉ ਆਨਿਆ ਦੇਹ ਬਿਨਾਸੀ
ਮਾਟੀ ਕਉ ਬਿਸਮਿਲ ਕੀਆ॥
ਜੋਤਿ ਸਰੂਪਿ ਅਨਾਹਤਿ ਲਾਗੀ
ਕਹੁ ਹਲਾਲੁ ਕਿਆ ਕੀਆ॥੨॥
ਕਿਆ ਉਜੂ ਪਾਕੁ ਕੀਆ ਮੁਹੁ ਧੋਇਆ
ਕਿਆ ਮਸੀਤਿ ਸਿਰੁ ਲਾਇਆ॥
ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ,
ਕਿਆ ਹਜ ਕਾਬੈ ਜਾਇਆ॥੩॥
ਤੂੰ ਨਾਪਾਕੁ ਪਾਕੁ ਨਹੀ ਸੂਝਿਆ
ਤਿਸ ਕਾ ਮਰਮੁ ਨ ਜਾਨਿਆ॥
ਕਹਿ ਕਬੀਰ ਭਿਸਤਿ ਤੇ ਚੂਕਾ,
ਦੋਜਕ ਸਿਉ ਮਨੁ ਮਾਨਿਆ॥੪॥੪॥ (੧੩੫੦)

ਉਪਰੋਕਤ ਸ਼ਬਦ ਰਾਹੀਂ ਗੁਰਬਾਣੀ ਦਾ, ਮਾਸ ਖਾਣ ਵਾਲੇ ਵਿਅਕਤੀ ਪ੍ਰਤੀ ਸਿੱਧਾ ਸੁਆਲ ਹੈ:

---
੧. ਸੂਹੀ ਛੰਤ ਮ: ੫, ਪੰਨਾ ੭੮੪

(ੳ) ਜੇ ਸਾਰਿਆਂ ਵਿਚ ਖ਼ੁਦਾ ਦੀ ਹਸਤੀ ਮੰਨਦਾ ਹੈਂ ਤਾਂ ਫਿਰ ਮੁਰਗੀ ਅਥਵਾ ਹੋਰ ਜੀਵ ਕਿਉਂ ਮਾਰਦਾ ਹੈਂ ?

(ਅ) ਜੀਵਾਂ ਦੇ ਮਿੱਟੀ ਦੇ ਸਰੀਰ ਨੂੰ ਸੰਘਾਰ ਕੇ ਹਲਾਲ ਕਿਹੜੀ ਚੀਜ਼ ਕੀਤੀ ਹੈ ?

(ੲ) ਜਦ ਤੇਰੇ ਦਿਲ ਵਿਚ ਕਪਟ ਹੈ (ਚਸਕੇ-ਅਧੀਨ ਮਾਸ ਖਾ ਕੇ ਫਿਰ ਆਪਣੀ ਮੰਦ ਕਿਰਿਆ ਨੂੰ ਧਰਮ ਦੀ ਆੜ ਵਿਚ ਲੁਕਾਉਣ ਦਾ) ਤਾਂ ਫਿਰ ਨਮਾਜ਼ ਪੜ੍ਹਨ ਦਾ ਕੀ ਲਾਭ ?

ਇਨ੍ਹਾਂ ਸੁਆਲਾਂ ਦਾ ਮਾਸ ਖਾਣ ਵਾਲਿਆਂ ਪਾਸ ਕੀ ਉੱਤਰ ਹੈ ? ਉਪਰੋਕਤ ਸ਼ਬਦ ਦੇ ਅੰਤ ਵਿਚ ਫਿਰ ਅਜਿਹੇ ਵਿਅਕਤੀਆਂ ਦੀ ਗਿਆਨ-ਹੀਣ ਹਾਲਤ 'ਤੇ ਤਰਸ ਖਾ ਕੇ ਸਮਝਾਇਆ ਹੈ:

"ਹੇ ਅਸ਼ਰਫ਼ੁਲ ਮਖ਼ਲੂਕਾਤ (ਧਰਤੀ ਦੇ ਸਰਦਾਰ) ਬੰਦੇ ! ਆਪਣੇ ਉੱਚੇ ਸੁੱਚੇ ਜੀਵਨ-ਨਿਸ਼ਾਨੇ ਤੋਂ ਖੁੰਝ ਕੇ ਤੂੰ ਲੁਟ-ਘਸੁਟ ਤੇ ਜ਼ੋਰ-ਜ਼ੁਲਮ ਦਾ ਗ਼ਲਤ ਰਾਹ ਅਪਣਾਇਆ ਹੋਇਆ ਹੈ। ਭਲਿਆ ਲੋਕਾ ! ਪਵਿਤਰਤਾ ਦੇ ਸੋਮੇ ਆਪਣੇ ਕਰਤੇ ਪੁਰਖ ਨਾਲ ਤੂੰ ਸਾਂਝ ਨਹੀਂ ਪਾਈ, ਸਗੋਂ ਮਲੇਛਾਂ ਵਾਲੇ ਕਰਮ ਇਖ਼ਤਿਆਰ ਕਰ ਕੇ ਤੂੰ ਮਲੇਛ ਬਣ ਗਿਆ ਹੈਂ ਤੇ ਇਸ ਤਰ੍ਹਾਂ ਬਹਿਸ਼ਤ ਨੂੰ ਛਡ ਕੇ ਤੂੰ ਦੋਜ਼ਕ ਦਾ ਰਾਹ ਅਪਣਾਇਆ ਹੋਇਆ ਹੈ। ਇਹ ਕਿਉਂ ?"

ਮਾਸ ਦੇ ਚਸਕੋਰੇ ਵੀਰਾਂ ਵਲੋਂ ਝਟਕੇ ਅਤੇ ਕੁੱਠੇ (ਹਲਾਲ) ਸੰਬੰਧੀ ਘੜਿਆ ਢਕੌਂਸਲਾ ਵੀ ਅਜੀਬ ਹੈ। ਇਕੋ ਜਾਨਵਰ ਜੇ 'ਕਲਮਾ' ਪੜ੍ਹ ਕੇ ਮਾਰਿਆ ਜਾਏ ਤਾਂ ਹਲਾਲ (ਕੁੱਠਾ) ਬਣ ਜਾਂਦਾ ਹੈ ਅਤੇ ਜੇ 'ਸਤਿ ਸ੍ਰੀ ਅਕਾਲ' ਬੋਲ ਕੇ ਮਾਰਿਆ ਜਾਏ ਤਾਂ ਝਟਕਾ ਬਣ ਜਾਂਦਾ ਹੈ। ਅਜੀਬ ਗੱਲ ਹੈ ਕਿ ਓਹੋ ਮਾਸ ਜੋ ਮੁਸਲਮਾਨਾਂ ਲਈ ਹਲਾਲ ਅਥਵਾ ਖਾਣ ਯੋਗ ਹੈ ਉਹ ਸਿੱਖਾਂ ਲਈ ਕੁੱਠਾ ਅਥਵਾ ਅਖਾਧ ਹੈ, ਅਤੇ ਜੋ ਸਿੱਖਾਂ ਲਈ ਝਟਕਾ ਅਥਵਾ ਖਾਣ ਯੋਗ ਹੈ ਉਹ ਮੁਸਲਮਾਨਾਂ ਲਈ ਹਰਾਮ ਹੈ। ਇਸ ਦਾ ਮਤਲਬ ਇਹ ਹੋਇਆ ਕਿ ਨਿੰਦਤ ਵਸਤੂ ਮਾਸ ਨਹੀਂ, ਸਗੋਂ ਸਿਖ ਲਈ 'ਕਲਮਾ' ਨਿੰਦਤ ਹੈ ਅਤੇ ਮੁਸਲਮਾਨ ਲਈ 'ਸਤਿ ਸ੍ਰੀ ਅਕਾਲ'।

ਪਰ ਜੇ 'ਕਲਮਾ' ਅਤੇ 'ਸਤਿ ਸ੍ਰੀ ਅਕਾਲ' ਦੋਵੇਂ ਵੱਖਰੀ ਵੱਖਰੀ ਬੋਲੀ ਵਿਚ ਰੱਬੀ ਕਲਾਮ ਹਨ ਤਾਂ ਕਿਉਂ ਇਕ ਧਿਰ ਕਲਮੇ ਤੋਂ ਨਫ਼ਰਤ ਕਰਦੀ ਹੈ ਤੇ ਦੂਜੀ 'ਸਤਿ ਸ੍ਰੀ ਅਕਾਲ' ਤੋਂ ? ਅਸਲ ਵਿਚ ਨਾ ਤਾਂ 'ਕਲਮਾ' ਘਿਰਣਤ ਹੈ ਅਤੇ ਨਾ ਹੀ 'ਸਤਿ ਸ੍ਰੀ ਅਕਾਲ'। ਜੇ ਕੁਝ ਘਿਰਣਤ ਅਤੇ ਨਿੰਦਤ ਹੈ ਤਾਂ ਉਹ ਹੈ ਮਾਸ-ਖੋਰੇ ਭਰਾਵਾਂ ਦੀ ਜੀਵਾਂ ਦੇ ਸੰਘਾਰ ਦੀ ਕਿਰਿਆ, ਜਿਸ ਦੇ ਪਿਛੇ

ਜੀਭ ਦੇ ਸੁਆਦ ਲਈ ਦੂਜਿਆਂ ਦੇ ਖ਼ੂਨ ਕਰਨ ਦੀ ਮੰਦੀ ਤੇ ਸੁਆਰਥੀ ਭਾਵਨਾ ਲੁਕੀ ਹੋਈ ਹੁੰਦੀ ਹੈ। ਅੰਦਰਲੀ ਮੰਦੀ ਭਾਵਨਾ ਅਤੇ ਮੰਦੀ ਭਾਵਨਾ ਅਧੀਨ ਕੀਤੇ ਮੰਦੇ ਕਰਮ, ਬਾਹਰੋਂ ਮੂੰਹ ਤੋਂ 'ਕਲਮਾ' ਪੜ੍ਹਨ ਜਾਂ 'ਸਤਿ ਸ੍ਰੀ ਅਕਾਲ' ਉਚਾਰੇ ਜਾਣ ਨਾਲ ਕਿਵੇਂ ਸੁਧ ਹੋਏ ਮੰਨੇ ਜਾ ਸਕਦੇ ਹਨ ? ਲੇਖਾ ਤਾਂ ਅੰਦਰਲੀ ਭਾਵਨਾ ਦੇ ਅਧਾਰ 'ਤੇ ਲਿਖਿਆ ਜਾਣਾ ਹੈ। ਗੁਰਬਾਣੀ ਦਾ ਨਿਰਣਾ ਹੈ :

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥

(ਸੂਹੀ ਮ: ੪, ਪੰਨਾ ੭੩੨)

ਬੇਦੁ ਪੜੈ ਮੁਖਿ ਮੀਠੀ ਬਾਣੀ ॥
ਜੀਆ ਕੁਹਤ ਨ ਸੰਗੈ ਪਰਾਣੀ ॥੩॥੧੦੭॥ *(ਗਉੜੀ ਮ: ੫, ਪੰਨਾ ੨੦੧)*

ਨਿਜੀ ਸੁਆਰਥ ਲਈ ਦੂਜਿਆਂ ਜੀਵਾਂ ਦਾ ਖ਼ੂਨ ਡੋਲ੍ਹਣਾ ਮੰਦਾ ਕਰਮ ਅਤੇ ਵਿਕਾਰ ਹੈ। ਜ਼ੋਰ-ਜ਼ੁਲਮ ਦਾ ਵਿਕਾਰੀ ਹੋਇਆ ਚਿਤ ਨਿਰਮਲ ਕਿਵੇਂ ਹੋ ਸਕਦਾ ਹੈ ? ਫਿਰ ਚਿਤ ਨਿਰਮਲ ਹੋਏ ਬਗ਼ੈਰ ਨਾਮ ਕਿਵੇਂ ਜਪਿਆ ਜਾ ਸਕਦਾ ਹੈ ? ਤਦੇ ਹੀ ਗੁਰਬਾਣੀ ਦਾ ਫ਼ੁਰਮਾਨ ਹੈ :

ਨਾਨਕ ਨਾਉ ਖੁਦਾਇ ਕਾ, ਦਿਲਿ ਹਛੈ ਮੁਖਿ ਲੇਹੁ ॥
ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥੧॥

(ਸਲੋਕ ਮ: ੧, ਪੰਨਾ ੧੪੦)

ਜਪ ਤਪ ਸੰਜਮ ਆਦਿ ਕਰਮ-ਧਰਮ ਚਿਤ ਨੂੰ ਨਿਰਮਲ ਕਰਨ ਦੇ ਉਪਰਾਲੇ ਵਜੋਂ ਹੀ ਕੀਤੇ ਜਾਂਦੇ ਹਨ। ਪਰ ਜੇ ਮਨ ਵਿਚ ਕਪਟ ਟਿਕਿਆ ਰਵ੍ਹੇ ਅਤੇ ਇਸ ਕਪਟ ਦੇ ਅਧੀਨ ਮਨੁੱਖ ਮੰਦੇ ਕਰਮਾਂ ਵਿਚ ਪਰਵਿਰਤ ਰਵ੍ਹੇ ਤਾਂ ਫਿਰ ਉਸ ਦੇ ਧਾਰਮਿਕ ਕਰਮ ਤਾਂ ਇਕ ਦਿਖਾਵਾ, ਫ਼ਰੇਬ ਅਤੇ ਪਰਪੰਚ ਬਣ ਕੇ ਰਹਿ ਜਾਂਦੇ ਹਨ, ਅਤੇ ਅਜਿਹੇ ਮਨੁੱਖ ਦੀ ਦਸ਼ਾ ਹਾਸੋਹੀਣੀ ਹੋ ਜਾਂਦੀ ਹੈ। ਕਬੀਰ ਜੀ ਅਜਿਹੇ ਦਿਖਾਵੇ ਦੇ ਪਖੰਡੀ ਜੀਵਨ ਉਤੇ ਬੜਾ ਕਰੜਾ ਕਟਾਖ ਕਰਦੇ ਹਨ :

ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ,
ਕਿਆ ਹਜ ਕਾਬੇ ਜਾਇਆ ॥੩॥ (੧੩੫੦)

ਤਾਂ ਹੀ ਗੁਰ-ਉਪਦੇਸ਼ ਹੈ ਕਿ :

ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰਸਿਖਹੁ
ਨਿਹਕਪਟ ਕਮਾਵਹੁ ਹਰਿ ਕੀ ਹਰਿ ਘਾਲ ॥ (੯੭੮)

ਮਨੁੱਖੀ ਫ਼ਿਤਰਤ ਹੈ ਕਿ ਪਾਪ ਨੂੰ ਲੁਕਾਉਣ ਲਈ ਮਨੁੱਖ ਕਪਟ ਦਾ ਸਹਾਰਾ ਲੈਂਦਾ ਹੈ। ਪਰ ਜੇ ਕੋਈ ਮਨੁੱਖ ਪਾਪ ਲੁਕਾਉਣ ਦਾ ਕਪਟ ਨਾ ਵੀ ਕਰੇ ਤਾਂ ਵੀ ਪਾਪ ਦਾ ਮਨ ਵਿਚ ਹੋਣਾ ਹੀ ਮਨ ਮਲੀਨ ਕਰੀ ਰਖਦਾ ਹੈ। ਪਾਪ ਦੇ ਹੁੰਦਿਆਂ ਮਨ ਨਿਰਮਲ ਕਿਵੇਂ ਹੋ ਸਕਦਾ ਹੈ:

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥ (੧੪੦)

[*ਅਰਥ:* ਜੇ ਖ਼ੂਨ ਦਾ ਦਾਗ਼ ਮਨੁੱਖੀ ਪੁਸ਼ਾਕ ਨਾਲ ਲਗ ਜਾਏ ਤਾਂ ਪੁਸ਼ਾਕ ਅਪਵਿਤਰ ਸਮਝੀ ਜਾਂਦੀ ਹੈ। ਤਾਂ ਫਿਰ ਜਿਹੜੇ ਮਨੁੱਖ (ਜਾਨਵਰਾਂ ਨੂੰ ਮਾਰ ਕੇ ਉਨ੍ਹਾਂ ਦੇ ਮਾਸ ਦੇ ਰੂਪ ਵਿਚ) ਰਤ ਪੀਂਦੇ ਹਨ, ਉਹਨਾਂ ਦਾ ਹਿਰਦਾ ਕਿਵੇਂ ਪਵਿੱਤਰ ਰਹਿ ਸਕਦਾ ਹੈ?]

ਅਰਥ ਕਰਨ ਲਈ ਇਸ ਤੁਕ ਦਾ ਅਨਵੈ ਹੈ—'ਜੋ ਮਾਣਸਾ ਰਤੁ ਪੀਵਹਿ' ਅਤੇ ਸ਼ਬਦ 'ਮਾਣਸਾ' ਦੇ ਉਚਾਰਣ ਵਿਚ ਇਸਦੇ ਅੰਤਲੇ ਕੰਨੇ ਦਾ ਬਿੰਦੇ ਸਹਿਤ ਉਚਾਰਣ ਕਰਨ ਦੀ ਲੋੜ ਨਹੀਂ। ਪਰ ਮਾਸ-ਅਹਾਰ ਦੇ ਪੱਖੀ ਸੱਜਣ 'ਮਾਣਸਾ' ਸ਼ਬਦ ਦੇ ਅੰਤਲੇ ਕੰਨੇ ਦਾ ਉਚਾਰਣ ਬਿੰਦੇ ਸਹਿਤ ਉਠਾਉਂਦੇ ਹਨ ਅਤੇ ਅਰਥ ਕਰਦੇ ਹਨ, "ਜਿਹੜੇ (ਵਿਅਕਤੀ) ਮਨੁੱਖਾਂ ਦੀ ਰਤ ਪੀਂਦੇ ਹਨ, ਭਾਵ ਮਨੁੱਖਾਂ 'ਤੇ ਜ਼ੁਲਮ ਕਰਦੇ ਹਨ।" ਇਹ ਖਿਚ-ਧੂਹ ਦੇ ਅਰਥ ਹਨ ਅਤੇ ਬੇਪਰਜੇ ਹਨ। ਦ੍ਰਿਸ਼ਟਾਂਤ ਸਪੱਸ਼ਟ ਹੈ, ਕੋਈ ਵਿੰਗ ਟੇਢ ਨਹੀਂ। ਕਪੜੇ ਨੂੰ ਰਤ ਲਗਿਆਂ ਕਪੜਾ ਅਪਵਿਤਰ, ਤੇ ਜਾਨਵਰਾਂ ਦੀ ਰਤ ਡੋਲ੍ਹ ਕੇ ਮਾਸ ਖਾਣ ਵਾਲਿਆਂ ਦਾ ਚਿਤ ਅਪਵਿਤਰ।

ਮਾਸ ਖਾਣ ਦੇ ਪੱਖੀ ਸੱਜਣ ਉਪਰੋਕਤ ਤੁਕ ਦੇ ਗ਼ਲਤ ਅਰਥ ਕਰ ਕੇ ਕਿੰਨੀ ਬੇ-ਇਨਸਾਫ਼ੀ ਕਰਦੇ ਹਨ, ਆਪਣੇ ਆਪ ਨਾਲ ਅਤੇ ਭੋਲੀ ਭਾਲੀ ਸਿਖ ਜਨਤਾ ਨਾਲ। ਕੋਈ ਪੁਛੇ ਕਿ ਮਨੁੱਖ ਜਾਤੀ ਨਾਲ ਤਾਂ ਕੀਤੀ ਗਈ ਮਾੜੀ ਜਿਹੀ ਵਧੀਕੀ ਦਾ ਅਰਥ ਉਸ ਦੀ ਰਤ ਪੀਤੇ ਜਾਣਾ ਕੱਢਿਆ ਜਾਂਦਾ ਹੈ, ਪਰ ਮਨੁੱਖ ਹੱਥੋਂ ਵਿਚਾਰੇ ਜਾਨਵਰਾਂ ਦੀ (ਉਨ੍ਹਾਂ ਦੇ ਮਾਸ ਦੇ ਰੂਪ ਵਿਚ) ਸਗਵੀਂ ਰਤ ਪੀਤੇ ਜਾਣ ਨੂੰ ਵੀ ਨਜ਼ਰੋਂ ਓਹਲੇ ਕੀਤਾ ਜਾਂਦਾ ਹੈ। ਜਾਨਵਰਾਂ ਪ੍ਰਤੀ ਧੀਂਗਾ-ਜ਼ੋਰੀ ਮਨੁੱਖ ਆਪਣੀ ਬਣਾਈ ਹੋਈ ਮਨੁੱਖ-ਸੁਸਾਇਟੀ ਵਿਚ ਭਾਵੇਂ ਕਰੀ ਜਾਏ ਅਤੇ ਕਰਦਾ ਹੋਇਆ ਮੁਕਰੀ ਜਾਏ, ਪਰ ਪ੍ਰਭੂ ਦੀ ਸੱਚੀ ਦਰਗਾਹ ਵਿਚ ਸੱਚ ਹੀ ਸੱਚ ਨਿਬੜੇਗਾ।

ਇਸ ਨੁਕਤੇ ਸੰਬੰਧੀ ਵਿਚਾਰ ਸਮਾਪਤ ਕਰਨ ਤੋਂ ਪਹਿਲਾਂ ਇਕ ਗੱਲ ਜੋ ਬੜੀ ਮਹੱਤਵਪੂਰਨ ਤੇ ਦਿਲਚਸਪ ਹੈ, ਉਸ ਦਾ ਵਰਣਨ ਕਰਨ ਤੋਂ ਬਗ਼ੈਰ ਗੱਲ ਅਧੂਰੀ ਰਵ੍ਹੇਗੀ। ਉਹ ਇਹ ਹੈ ਕਿ ਅੱਜ-ਕੱਲ੍ਹ ਦੇ ਬੁਚੜ-ਖ਼ਾਨਿਆਂ ਵਿਚ ਜਦੋਂ ਮਾਸ ਬਣਾਇਆ ਜਾਂਦਾ ਹੈ ਤਾਂ ਉਸ ਵੇਲੇ ਨਾ ਤਾਂ 'ਕਲਮਾ' ਪੜ੍ਹਿਆ ਜਾਂਦਾ ਹੈ ਅਤੇ ਨਾ ਹੀ 'ਸਤਿ ਸ੍ਰੀ ਅਕਾਲ' ਉਚਾਰਣ ਕੀਤਾ ਜਾਂਦਾ ਹੈ। ਬੁੱਚੜਾਂ ਨੂੰ ਜੋ ਗਾਲ੍ਹਾਂ-ਦੁਪੜਾਂ ਆਉਂਦੀਆਂ ਹਨ, ਉਹੋ ਫਕੜ ਤੋਲਦੇ ਹੋਏ ਜਾਂ ਗੰਦੇ ਮੰਦੇ ਗੀਤ ਗਾਉਂਦੇ ਹੋਏ ਜਾਨਵਰ ਵੱਢੀ ਜਾਂਦੇ ਹਨ। ਮਜ਼ੇ ਦੀ ਗੱਲ ਇਹ ਹੈ ਕਿ ਹਲਾਲ ਅਤੇ ਝਟਕੇ ਦਾ ਸ੍ਵੈ-ਕਲਪਤ ਵਿਕਾਰ ਛਿੱਕੇ 'ਤੇ ਟੰਗ ਕੇ ਮਾਸ ਦੇ ਚਸਕੋਰੇ ਵੀਰ ਸਭ ਕੁਝ ਰਗੜੀ ਜਾਂਦੇ ਹਨ। ਸੋ ਹੋਰ ਖੁਲ੍ਹ ਹੋ ਗਈ ਅਤੇ ਝਟਕੇ ਹਲਾਲ ਦਾ ਫ਼ਸਤਾ ਵੀ ਵਢਿਆ ਗਿਆ। ਚਲੋ ਠੀਕ ਹੈ, ਇਹ ਅਗੇ ਵੀ ਤਾਂ ਇਕ ਢਕੌਂਸਲਾ ਹੀ ਸੀ।

ਦਲੀਲ ਨੰਬਰ ੩

ਮਾਸ ਖਾਣ ਦੇ ਪੱਖੀ ਵੀਰ ਹੇਠ-ਲਿਖੇ ਇਤਿਹਾਸਕ ਹਵਾਲੇ ਆਪਣੇ ਪੱਖ ਦੀ ਸਿਧੀ ਲਈ ਪੇਸ਼ ਕੀਤਾ ਕਰਦੇ ਹਨ:

(ੳ) 'ਸੂਰਜ ਪ੍ਰਕਾਸ਼' ਵਿਚ ਲਿਖਿਆ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿਚ ਮਾਸ ਵਰਤਿਆ ਜਾਂਦਾ ਰਿਹਾ ਹੈ।

(ਅ) ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੁਰੂਕਸ਼ੇਤਰ ਵਿਖੇ ਸੂਰਜ ਗ੍ਰਹਿਣ ਦੇ ਸਮੇ ਇਕ ਰਾਜਕੁਮਾਰ ਵਲੋਂ ਮਾਰ ਕੇ ਲਿਆਂਦੇ ਹਿਰਨ ਦਾ ਮਾਸ ਪਕਵਾਇਆ ਤੇ ਉਥੇ ਇਕੱਤਰ ਹੋਏ ਵੈਸ਼ਨਵੀ ਬ੍ਰਾਹਮਣਾਂ ਤੇ ਪਾਂਡਿਆਂ ਨਾਲ ਮਾਸ ਦੇ ਸੰਬੰਧ ਵਿਚ ਚਰਚਾ ਕੀਤੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

(ੲ) ਗੁਰੂ ਮਹਾਰਾਜ ਸ਼ਿਕਾਰ ਖੇਡਦੇ ਰਹੇ। ਜੇ ਸਿਖ ਧਰਮ ਵਿਚ ਮਾਸ ਖਾਣ ਦੀ ਮਨਾਹੀ ਸੀ ਤਾਂ ਸ਼ਿਕਾਰ ਖੇਡਣ ਦੇ ਕੀ ਅਰਥ ?

ਵਿਚਾਰ

ਸਿਖ ਇਤਿਹਾਸ ਵਿਚ ਕੁਝ ਵਿਰੋਧੀਆਂ ਵਲੋਂ ਅਤੇ ਕੁਝ ਅਨਜਾਣ ਲਿਖਾਰੀਆਂ ਵਲੋਂ ਬਹੁਤ ਭੁਲੇਖੇ ਪਾਏ ਮਿਲਦੇ ਹਨ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਆਪਣੀ ਪੁਸਤਕ 'ਗੁਰਮਤਿ ਮਾਰਤੰਡ' ਦੀ ਭੂਮਿਕਾ ਵਿਚ ਕੁਝ ਅਜਿਹੇ

ਭੁਲੇਖਿਆਂ ਦੀਆਂ ਉਦਾਹਰਣਾਂ ਦਿਤੀਆਂ ਹਨ, ਜਿਨ੍ਹਾਂ ਨੂੰ ਹੂ-ਬ-ਹੂ ਹੇਠਾਂ ਦਿਤਾ ਜਾਂਦਾ ਹੈ:

"ਸਾਡੇ ਮੱਤ ਦੇ ਕਵੀਆਂ ਨੇ ਅਨਯਮਤੀ ਗ੍ਰੰਥ-ਕਾਰਾਂ ਦੀ ਨਕਲ ਕਰਦੇ ਹੋਏ ਇਹ ਭਾਰੀ ਭੁੱਲ ਕੀਤੀ ਹੈ ਕਿ ਸਮਾਜ, ਨੀਤੀ ਤੇ ਧਰਮ ਆਦਿਕ ਦੇ ਵਿਸ਼ਯ ਇਕੱਠੇ ਕਰ ਕੇ ਸਭ ਨੂੰ ਮਜ਼ਹਬੀ ਰੰਗਤ ਦੇ ਦਿਤੀ ਹੈ। ਬਿਨਾ ਛਾਣ-ਬੀਣ ਕੀਤੇ ਅਨੇਕ ਪ੍ਰਸੰਗ ਐਸੇ ਲਿਖੇ ਹਨ, ਜੋ ਮੂਲੋਂ ਨਿਰਮੂਲ ਅਥਵਾ ਗੁਰਮਤਿ ਤੋਂ ਦੂਰ ਲੈ ਜਾਣ ਵਾਲੇ ਹਨ।......ਇਹ ਸੁਭਾਵਿਕ ਗੱਲ ਹੈ ਕਿ ਜਦ ਅਸੀਂ ਆਪਣੇ ਮੱਤ ਦੇ ਪੁਸਤਕਾਂ ਵਿਚ ਵਿਰੋਧ ਦੇਖਦੇ ਹਾਂ ਤਾਂ ਮਨ ਭ੍ਰਮ-ਚੱਕ੍ਰ ਵਿਚ ਪੈ ਜਾਂਦਾ ਹੈ ਅਤੇ ਸਾਨੂੰ ਇਹ ਨਿਰਣਾ ਕਰਨਾ ਔਖਾ ਹੋਂਦਾ ਹੈ ਕਿ ਗੁਰਮਤਿ ਦਾ ਸੱਚਾ ਉਪਦੇਸ਼ਕ ਕਿਹੜਾ ਪੁਸਤਕ ਹੈ, ਪਰ ਜਦੋਂ ਅਸੀਂ ਵਿਚਾਰ-ਸ਼ਕਤੀ ਤੋਂ ਕੰਮ ਲੈਂਦਾ ਹਾਂ ਅਤੇ......ਸਤਿਗੁਰਾਂ ਦੀ ਸ੍ਰੀ ਮੁਖਵਾਕ ਬਾਣੀ ਦੀ ਕਸੌਟੀ ਨਾਲ ਸਭ ਸਿਖ ਮੱਤ ਦੇ ਪੁਸਤਕਾਂ ਦੀ ਪ੍ਰੀਖਿਆ ਕਰ ਕੇ ਗੁਰਬਾਣੀ ਦੇ ਨਿਯਮਾਂ ਤੋਂ ਵਿਰੁੱਧ ਵਚਨਾਂ ਦਾ ਤਜਾਗ ਅਤੇ ਅਨਕੂਲ ਵਚਨਾਂ ਦਾ ਗ੍ਰਹਿਣ ਕਰਦੇ ਹਾਂ ਤਾਂ ਸਾਰੀਆਂ ਕਠਨਾਈਆਂ ਛਿਨ ਵਿਚ ਮਿਟ ਜਾਂਦੀਆਂ ਹਨ ਅਤੇ ਅਸੀਂ ਗੁਰਮਤਿ ਦਾ ਸਿੱਧਾ ਰਸਤਾ ਲੱਭ ਲੈਂਦੇ ਹਾਂ।

[ਗੁਰਮਤਿ ਮਾਰਤੰਡ, ਪੰਨਾ ੳ, ਅ]

ਅਜਿਹੀਆਂ ਵਿਰੋਧੀਆਂ ਲਿਖਤਾਂ ਦੀਆਂ ਉਦਾਹਰਣਾਂ ਹੇਠਾਂ ਦਿਤੀਆਂ ਜਾਂਦੀਆਂ ਹਨ:

(ੳ) ਛੇਵੀਂ ਪਾਤਸ਼ਾਹੀ ਦੇ 'ਗੁਰ ਵਿਲਾਸ' ਦੇ ਦੂਜੇ ਅਧਿਆਇ ਵਿਚ ਲਿਖਿਆ ਹੈ ਕਿ ਜਦ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਸੀਤਲਾ (ਚੇਚਕ) ਨਿਕਲੀ, ਤਦ ਦੁਰਗਾ ਪੂਜਨ ਇਸ ਤਰ੍ਹਾਂ ਕੀਤਾ ਗਿਆ:

ਬ੍ਰਾਹਮਣ ਕੇ ਪਰਸਾਦ ਦੁਰਗਾ ਭਈ ਪ੍ਰਸੰਨ॥
ਸਪਤ ਦਿਵਸ ਬੀਤਤ ਭਏ ਠੰਢੀ ਕਹਿ ਸੁਖ ਮੰਨ॥
ਪੂਜਾ ਨਲੇਰ ਸੌਂ ਦਰਬ ਅਪਾਰਾ॥
ਭੇਟ ਖਰੀ ਦੇਵੀ ਦਰਬਾਰਾ॥
ਦੇਵੀ ਕੀ ਪਰਿਕ੍ਰਮਾ ਕੀਨੀ॥
ਦੇਹੁਰੇ ਕੀ ਅਤਿਸੈ ਛਬਿ ਚੀਨੀ॥ (੭੯)

ਭਾਈ ਸੰਤੋਖ ਸਿੰਘ ਜੀ ਇਸੇ ਪ੍ਰਸੰਗ ਦੀ ਪੁਸ਼ਟੀ 'ਗੁਰੁ ਪ੍ਰਤਾਪ ਸੂਰਜ' ਦੀ ਰਾਸਿ ੩ ਦੇ ਅੰ: ੧੨ ਵਿਚ ਕਰਦੇ ਹਨ। ਪਰ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਪੂਜਯ ਪਿਤਾ ਗੁਰੂ ਅਰਜਨ ਦੇਵ ਜੀ ਸੀਤਲਾ ਦੇ ਸੰਬੰਧ ਵਿਚ ਕੁਝ ਹੋਰ ਲਿਖਦੇ ਹਨ :

ਸਦਾ ਸਦਾ ਹਰਿ ਜਾਪੇ ॥ ਪ੍ਰਭ ਬਾਲਕ ਰਾਖੇ ਆਪੇ ॥
ਸੀਤਲਾ ਠਾਕਿ ਰਹਾਈ ॥ ਬਿਘਨ ਗਏ ਹਰਿ ਨਾਈ ॥੧॥

(ਸੋਰਠਿ ਮ: ੫, ਪੰਨਾ ੬੨੭)
[ਗੁਰਮਤਿ ਮਾਰਤੰਡ, ਪੰਨਾ ਕ, ਖ, ਗ]

(ਅ) 'ਸ੍ਰੀ ਨਾਨਕ ਪ੍ਰਕਾਸ਼' ਵਿਚ ਲੇਖ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਮਰੇ ਹੋਏ ਪਿੱਤਰਾਂ ਦਾ ਸ਼੍ਰਾਧ ਕੀਤਾ, ਤਾਂ ਇਹ ਵਾਕ ਮੰਨਣ ਜੋਗ ਨਹੀਂ, ਕਿਉਂਕਿ ਸ੍ਰੀ ਮੁਖ ਸ਼ਬਦ ਪਾਖੰਡ ਰੂਪ ਸ਼੍ਰਾਧ ਕਰਮ ਨੂੰ ਖੰਡਨ ਕਰਦੇ ਹਨ। ਯਥਾ :

ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ ॥
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥੪॥੨॥

(ਆਸਾ ਮ: ੧, ਪੰਨਾ ੩੫੮)
[ਗੁਰਮਤਿ ਮਾਰਤੰਡ, ਪੰਨਾ ਘ]

(ੲ) ਭਾਈ ਸੁਖਾ ਸਿੰਘ ਨੇ 'ਗੁਰ ਵਿਲਾਸ' ਦੇ ਦਸਵੇਂ ਅਧਿਆਏ ਵਿਚ ਦੱਤਾ ਨੰਦ ਉਜੈਨ ਨਿਵਾਸੀ ਬ੍ਰਾਹਮਣ ਰਾਹੀਂ ਦੁਰਗਾ ਦਾ ਪੂਜਨ ਦਸਮੇਸ਼ ਤੋਂ ਕਰਵਾਇਆ ਲਿਖਿਆ ਹੈ :

ਯੌਂ ਸੁਨਿ ਗਦ ਗਦ ਭਯੋ ਕ੍ਰਿਪਾਲਾ ॥
ਸ੍ਰੀ ਮੁਖਿ ਸੋਂ ਕਹਿ ਬਚਨ ਬਿਸਾਲਾ ॥
ਮੈਯਾ ! ਇਹੈ ਕ੍ਰਿਪਾ ਅਬ ਕੀਜੈ ॥
ਖੜਗ ਪਾਣਿ ਦਾਹਨੁ ਮੁਹਿ ਦੀਜੈ ॥੨੬੭॥......
ਏਵ ਮਸਤੁ ਕਹਿ ਮਾਤ ਭਵਾਨੀ ॥
ਵਰ ਦੈ ਭਈ ਲੋਪ ਜਗ ਰਾਨੀ ॥ (੨੭੧)

'ਮਹਿਮਾ ਪ੍ਰਕਾਸ਼' ਦੀ ਪੱਚੀਸਵੀਂ ਸਾਖੀ ਵਿਚ ਵੀ ਇਉਂ ਹੀ ਲੇਖ ਹੈ :

ਕਰਾ ਹੋਮ ਸਤਿਗੁਰੁ ਪੁਰਖ ਮਾਤਾ ਭਈ ਪ੍ਰਸੰਨ ॥
ਭਾ ਪ੍ਰਕਾਸ਼ ਮਾਤਾ ਪ੍ਰਗਟ ਧੰਨ ਮਾਤ ਜਗ ਧੰਨ ॥ (੩੨)

ਗੁਰੁ ਪ੍ਰਤਾਪ ਸੂਰਜ ਦੀ ਰੁੱਤ ੩, ਅ: ੪ ਵਿਚ ਵੀ ਏਸੇ ਤਰ੍ਹਾਂ ਲਿਖਿਆ ਹੈ।

'ਗੁਰ ਪਦ ਪ੍ਰੇਮ ਪ੍ਰਕਾਸ਼' ਵਿਚ ਬਾਵਾ ਸੁਮੇਰ ਸਿੰਘ ਲਿਖਦਾ ਹੈ:

ਮਹਾਂ ਬੀਰ ਸ੍ਰੀ ਹਨੂੰਮਾਨ ਜੀ ਪ੍ਰਗਟ ਕੱਛ ਤਬ ਦੀਨੀ॥
ਲੀਜੈ ਮਹਾਰਾਜ ਮਮ ਭੇਟਾ ਮਰਯਾਦਾ ਅਤਿ ਚੀਨੀ॥

[ਗੁਰਮਤਿ ਮਾਰਤੰਡ, ਪੰਨਾ ਚ, ਛ, ਜ, ਝ]

(ਸ) ਛੇਵੀਂ ਪਾਤਿਸ਼ਾਹੀ ਦੇ 'ਗੁਰੁ ਵਿਲਾਸ' ਦੇ ਅਧਿਆਇ ੧੯ ਵਿਚ ਗੁਰੂ ਹਰਿ ਗੋਬਿੰਦ ਜੀ ਦਾ ਭੰਗ ਪੀਣਾ ਲਿਖਿਆ ਹੈ:

ਜਬੈ ਜਾਮ ਦਿਨ ਆਨਿ ਰਹਾਯੋ॥
ਸ੍ਰੀ ਗੁਰੁ ਵਿਜਿਆ ਪਾਨ ਕਰਾਯੋ॥

(ਹ) ਭਾਈ ਸੁੱਖਾ ਸਿੰਘ ੧੦ਵੇਂ 'ਗੁਰੂ ਵਿਲਾਸ' ਦੇ ਦਸਵੇਂ ਤੇ ਸੋਲ੍ਹਵੇਂ ਅਧਿਆਇ ਵਿਚ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਅਮਲ ਛਕਿਆ ਛਕਾਇਆ ਕਰਦੇ ਸੀ:

ਬਿਜਿਆ ਧਰਛਤ ਅਮਲ ਮੰਗਾਵੇਂ॥
ਆਪ ਛਕੈਂ ਪੁਨਿ ਅਪਰ ਦਿਆਵੈਂ॥ (ਧਰਛਤ—ਅਫ਼ੀਮ)

ਮਦਿਰਾ ਬਿਜਿਯਾ ਖਾਂਡ ਮਿਲਾਈ॥
ਚਰਨਾਮ੍ਰਿਤ ਮਿਲ ਗਾਗਰ ਪਾਈ॥ (ਮਦਿਰਾ—ਸ਼ਰਾਬ)

ਲੈ ਨਿਜ ਭੇਟ ਕਾਲਿਕਾ ਦੀਨੇ॥
ਜੈ ਭਵਾਨੀ ਕੀ ਉਚਰ ਪ੍ਰਬੀਨੈ॥ (੧੩੭)

(ਕ) 'ਗੁਰੁ ਪ੍ਰਤਾਪ ਸੂਰਯ' ਦੀ ਰੁਤ ੩ ਅਧਿਆਇ ੪ ਵਿਚ ਲਿਖਿਆ ਹੈ:

ਅੱਧਿ ਕੈ ਸੁਗੰਧ ਮਹਕਾਰ ਸੰਗ॥
ਬਹੁ ਰਗੜ ਬਦਾਮਨ ਸਹਿਤ ਭੰਗ॥
ਏਲਾ ਲਵੰਗ ਮਿਰਚਾਨ ਕਾਰਿ॥
ਮੇਲਯੋ ਗੁਲਾਬ ਯੁਤ ਸਰਦ ਵਾਰਿ॥ (੭).....
ਯੁਤ ਛਤ੍ਰਧਾਰ ਸਤਿਗੁਰੁ ਛਕਾਇ॥ (੯) (ਛਤ੍ਰਧਾਰ—ਅਫ਼ੀਮ)

(ਖ) ਫਿਰ ਰੁਤ ੩ ਅਧਿਆਇ ੨੧ ਵਿਚ ਭਾਈ ਸੰਤੋਖ ਸਿੰਘ ਲਿਖਦਾ ਹੈ ਕਿ ਦਸਮੇਸ਼ ਨੇ ਆਖਿਆ:

ਤਾਂ ਤੇ ਸ੍ਰੀ ਮੁਖਵਾਕ ਉਚਾਰਾ॥
ਹੁਇ ਸੁਖੇ ਕੀ ਦੇਗ ਉਦਾਰਾ॥

ਸਿੰਘ ਹੋਇ ਜਬ ਆਯੁਧ ਧਾਰੀ॥
ਮਾਦਕ ਚਹੀਏ ਅਨਦ ਮਝਾਰੀ॥ (੩੯)
ਸਭ ਮਾਦਿਕ ਤੇ ਬਿਜਿਆ ਆਛੀ॥
ਕਯੋਂਕਿ ਮਹੇਸ਼ ਆਦਿ ਇਹ ਬਾਂਛੀ॥ (੪)

(ਗ) 'ਵਿਮਲ ਬਿਬੇਕ ਵਾਰਧਿ' ਵਿਚ ਭਗਵਾਨ ਸਿੰਘ ਰਹਿਤਨਾਮੀਆ, ਚੈਨਪੁਰ ਭਭੂਆ ਤੋਂ ਖਤ੍ਰੀ ਸਿੰਘਾਂ ਦੇ ਘਰੋਂ ਪ੍ਰਾਪਤ ਹੋਏ ਰਹਿਤਨਾਮੇ ਦੇ ਵਾਕ ਲਿਖਦਾ ਹੈ:

ਅਚੀਆ ਸੁੱਖਾ ਛੱਤਰਧਾਰ॥ ਰਨ ਮੇਂ ਜੂਝੈ ਅਪਰ ਅਪਾਰ॥

ਫੇਰ ਭਾਈ ਮਨੀ ਸਿੰਘ ਜੀ ਦਾ ਹਵਾਲਾ ਦੇ ਕੇ ਲਿਖਿਆ ਹੈ:

"ਗੁਰੂ ਜੀ ਸਭ ਸੰਗਤ ਕੋ ਅੰਮ੍ਰਿਤ ਛਕਾ ਕਰ ਸ਼ਸਤ੍ਰ ਪਕੜਾ ਕਰ ਸਿੰਘ ਸਜਾ ਕਰ ਵਿਦਾ ਕਰਾ, ਤਾਂ ਸਿੱਖਾਂ ਨੂੰ ਕਹਿਆ ਜੋ ਤੁਸੀਂ ਕੁਛ ਅਮਲ ਛਕਿਆ ਕਰੋ, ਤਾਂ ਸਿਖ ਅਮਲ ਖਾਨੇ ਲੱਗੇ, ਤਾਂ ਕਿਤਨਿਆਂ ਦੀ ਬ੍ਰਿਤੀਆਂ ਠਹਿਰ ਗਈਆਂ।

(**ਨੋਟ**: ਵ੍ਰਿਤਿ ਠਹਿਰਾਉਣ ਦਾ ਕੇਹਾ ਸੁੰਦਰ ਉਪਾਉ ਦੱਸਿਆ ਹੈ! ਸਿੱਖਾਂ ਦੀ ਵ੍ਰਿਤੀ, ਸੇਵਾ, ਗੁਰਬਾਣੀ ਦਾ ਅਭਿਆਸ, ਪਰੋਪਕਾਰ, ਸ਼ਸਤ੍ਰ ਅਤੇ ਸ਼ਾਸਤ੍ਰ ਦੇ ਅਭਿਆਸ ਨਾਲ ਠਹਿਰਦੀ ਹੈ, ਨਾ ਕਿ ਨਸ਼ੇ ਵਿਚ ਗੜੂੰਦ ਹੋ ਕੇ ਉੱਲੂ ਬਣਨ ਨਾਲ।)

[ਗੁਰਮਤਿ ਮਾਰਤੰਡ ਕ੍ਰਿਤ ਭਾ: ਕਾਨ੍ਹ ਸਿੰਘ ਨਾਭਾ, ਪੰਨਾ, ਙ, ਟ, ਠ]

ਉਪਰਲੀਆਂ ਉਦਾਹਰਣਾਂ ਟੂਕ ਮਾਤਰ ਹਨ। ਜ਼ਿਆਦਾ ਉਦਾਹਰਣਾਂ ਦੇਣ ਨਾਲ ਆਪਣਾ ਹੀ ਢਿੱਡ ਨੰਗਾ ਹੁੰਦਾ ਹੈ। ਇਤਿਹਾਸ ਵਿਚ ਇਹ ਰਲਾ ਵਿਰੋਧੀਆਂ ਅਥਵਾ ਗੁਰੂ-ਦੋਖੀਆਂ ਵਲੋਂ ਗਿਣ-ਮਿਥ ਕੇ ਪਾਇਆ ਗਿਆ। ਪਿਛਲੇ ਕੁਝ ਇਤਿਹਾਸਕਾਰਾਂ ਵਲੋਂ ਇਹੋ ਜਿਹੇ ਰਲਿਆਂ ਨੂੰ ਬਿਬੇਕ-ਬੁਧੀ ਨਾਲ ਪਰਖਣੇ ਤੇ ਨਿਤਾਰਨ ਦੀ ਬਜਾਏ ਮੱਖੀ 'ਤੇ ਮੱਖੀ ਮਾਰੀ ਹੋਈ ਹੈ। ਸੰਭਵ ਹੈ ਇਨ੍ਹਾਂ ਵਿਚੋਂ ਕੁਝ ਇਤਿਹਾਸਕਾਰ ਨਸ਼ੇ ਸੇਵਨ ਆਦਿ ਦੀ ਭੈੜੀ ਵਾਦੀ ਵਿਚ ਨਿਜੀ ਤੌਰ ਤੇ ਆਪ ਗ੍ਰਸਤ ਹੋਣ। ਕੁਝ ਵੀ ਹੋਵੇ, ਉਪਰੋਕਤ ਕਿਸਮ ਦੀਆਂ ਲਿਖਤਾਂ ਗੁਰਮਤਿ ਸਿਧਾਂਤਾਂ ਤੋਂ ਵਿਰੁਧ ਹਨ ਤੇ ਸਿਖ ਇਤਿਹਾਸ ਨੂੰ ਹਾਸੋ-ਹੀਣਾ ਤੇ ਭਰੋਸੇ-ਹੀਣਾ ਬਣਾਉਂਦੀਆਂ ਹਨ।

ਇਸ ਲਈ ਇਤਿਹਾਸ ਨੂੰ ਘੋਖ ਕੇ ਗੁਰਮਤਿ ਦੀ ਰੌਸ਼ਨੀ ਵਿਚ ਪਰਖਣ ਪੜਤਾਲਣ ਅਤੇ ਸੋਧੇ ਜਾਣ ਦੀ ਲੋੜ ਹੈ। ਪੰਥ-ਦਰਦੀ ਚਿਰ ਤੋਂ ਇਸ ਲੋੜ ਨੂੰ ਮਹਿਸੂਸ ਕਰ ਰਹੇ ਹਨ ਅਤੇ ਉਨ੍ਹਾਂ ਵਲੋਂ ਇਸ ਮੰਗ ਉਤੇ ਪ੍ਰੈਸ ਤੇ ਪਲੇਟਫ਼ਾਰਮ ਰਾਹੀਂ ਦੋਵੇਂ ਬਾਹਵਾਂ ਉੱਚੀਆਂ ਕਰ ਕੇ, ਹਾਲ ਪਾਰ੍ਹਿਆ ਪਾ ਕੇ ਕਈ ਵਾਰੀ ਜ਼ੋਰ ਦਿਤਾ ਜਾ ਚੁਕਾ ਹੈ। ਜਿਥੇ ਜਿਥੇ ਕੋਈ ਇਤਿਹਾਸਕ ਘਟਨਾ ਜਾਂ ਇਤਿਹਾਸਕ ਲਿਖਤ, ਗੁਰਬਾਣੀ ਵਿਚ ਨਿਰੂਪਣ ਕੀਤੇ ਸਿਧਾਂਤ ਨਾਲ ਟਕਰਾਅ ਖਾਂਦੀ ਹੈ, ਉਸ ਨੂੰ ਚੰਗੀ ਤਰ੍ਹਾਂ ਘੋਖ ਤੇ ਪੁਣ-ਛਾਣ ਕੇ ਵਿਚਾਰੇ ਜਾਣ ਅਤੇ ਗੁਰਬਾਣੀ ਦੀ ਰੌਸ਼ਨੀ ਵਿਚ ਸਪੱਸ਼ਟਾਏ ਜਾਣ ਜਾਂ ਸੋਧੇ ਜਾਣ ਦੀ ਲੋੜ ਹੈ।

ਸੋ ਉਪਰੋਕਤ ਇਤਿਹਾਸਕ ਗਪੌੜਿਆਂ ਨੂੰ ਮੁਖ ਰਖਦਿਆਂ ਮਾਸ ਖਾਣ ਦੇ ਪੱਖੀ ਇਤਿਹਾਸਕ ਹਵਾਲਿਆਂ ਨੂੰ ਕਿਵੇਂ ਪ੍ਰਮਾਣੀਕ ਮੰਨਿਆ ਜਾ ਸਕਦਾ ਹੈ, ਜਦ ਕਿ ਇਕ ਤਾਂ ਉਹ ਗੁਰਬਾਣੀ ਵਿਚ ਨਿਰੂਪਣ ਕੀਤੇ ਗਏ 'ਜੀਅ-ਦਇਆ' ਦੇ ਸਿਧਾਂਤ ਨਾਲ ਟਕਰਾਂਦੇ ਹਨ ਅਤੇ ਦੂਜੇ ਪਾਸੇ ਇਨ੍ਹਾਂ ਹੀ ਇਤਿਹਾਸਕ ਗ੍ਰੰਥਾਂ ਵਿਚ ਕੁਝ ਇਤਿਹਾਸਕ ਹਵਾਲਿਆਂ ਦਾ ਵੀ ਵਿਰੋਧ ਕਰਦੇ ਹਨ, ਜਿਨ੍ਹਾਂ ਰਾਹੀਂ ਮਾਸ ਖਾਣ ਤੋਂ ਵਰਜ ਕੇ ਜੀਅ-ਦਇਆ ਦੀ ਪ੍ਰੇਰਨਾ ਦਿਤੀ ਗਈ ਹੈ। ਉਨ੍ਹਾਂ ਵਿਚੋਂ ਕੁਝ ਕੁ ਟੂਕ ਮਾਤਰ ਥਲੇ ਦਿਤੇ ਜਾਂਦੇ ਹਨ:

ਦੇਵਲੂਤ ਨਾਮੀ ਰਾਖਸ਼ ਨੂੰ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼

ਪ੍ਰਿਥਮ ਤਜਹੁ ਆਮਿਖ (ਮਾਸ) ਕੋ ਖਾਨਾ॥
ਕਰਹੁ ਜਾਸ ਹਿਤ ਜੀਵਨ ਹਾਨਾ॥੭॥......
ਕੇਤਿਕ ਦਿਨ ਤਹਿ ਰਹੇ ਗੁਸਾਈਂ॥
ਗੁਰੁ ਸਿਖੀ ਕੀ ਰੀਤਿ ਚਲਾਈ॥
ਸਭਿ ਰਾਖਸ਼ ਕੋ ਨਾਮ ਜਪਾਯੋ॥
ਆਮਿਖ ਖਾਨ ਤਿਨਹਿ ਤਜਵਾਯੋ॥ (੧੮).....
ਸੁਧਰ ਸੈਨ ਜੋ ਭੂਮ ਮਹਾਨਾ॥
ਦੇਵਲੂਤ ਮਨਹੁ ਤਿਹ ਆਨਾ॥
ਹਿੰਸਾ ਨਹੀ ਜੀਵ ਕੀ ਕੀਜੈ॥
ਸਤਿਗੁਰ ਜਾਪ ਜਪਹੁ ਦੁਖ ਛੀਜੈ॥ (੨੦).....

(ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ, ਅਧਿਆਇ ੪੪)

ਮਕੇ ਦੀ ਗੋਸਟਿ

ਗਊ ਭੈਸ ਅਤੇ ਮੁਰਗਾਈਆਂ, ਹੋਇ ਹੈਵਾਨ ਗਰੀਬ ॥
ਤਹ ਪਰ ਛੁਰੀ ਹਰਾਮ ਹੈ, ਖਾਵਨ ਤਿਨਾਂ ਪਲੀਤ ॥
ਜੋ ਬਿਚਾਰੇ ਜਾਨਵਰ, ਤਿਨ ਕਰਨ ਹਲਾਲ ॥
ਬਿਨਾ ਰਜਾਇ ਖੁਦਾਇ ਦੀ, ਤਿਹ ਪਰ ਛੁਰੀ ਜ਼ਵਾਲ ॥
ਮੁਈ ਸ਼ੈ ਮੁਰਦਾਰ ਹੈ, ਸਹਿਕੇ ਜਾਨ ਕੁਵਾਇ ॥
ਖਾਣੀ ਇਹ ਹਰਾਮ ਹੈ, ਤਿਹ ਪਰ ਛੁਰੀ ਰਵਾਇ ॥
ਖਾਣਾ ਮਾਸ ਗੁਨਾਹ ਹੈ, ਜੋਰੀ ਜੀਅ ਹਲਾਲ ॥
ਜੋਰੀ ਕੁਠਾ ਹਰਾਮ ਹੈ, ਤਿਸ ਤੇ ਹੋਇ ਜ਼ਵਾਲ ॥

(ਜਨਮ ਸਾਖੀ ਭਾਈ ਬਾਲਾ)

ਸ਼ੀਹੇਂ ਉਪਲ ਨੂੰ ਉਪਦੇਸ਼

ਸ਼ੀਹੇਂ ਉਪਲ ਨੂੰ ਇਕ ਸੌ ਬਕਰੇ ਲਈ ਜਾਂਦਿਆਂ ਦੇਖ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਦਾ ਕਾਰਨ ਪੁਛਿਆ ਤਾਂ ਉਸ ਨੇ ਦਸਿਆ ਕਿ ਮੇਰੇ ਪੁੱਤਰ ਦਾ ਮੁੰਡਨ ਹੈ ਤੇ ਇਸ ਖ਼ੁਸ਼ੀ ਦੇ ਸਮੇਂ ਲੋਕ-ਗੀਤ ਅਨੁਸਾਰ ਆਏ ਪ੍ਰਾਹੁਣਿਆਂ ਨੂੰ ਮਾਸ ਭੋਜਨ ਖਵਾ ਕੇ ਪ੍ਰਸੰਨ ਕਰਨਾ ਹੈ। ਸ੍ਰੀ ਗੁਰੂ ਜੀ ਨੇ ਫ਼ੁਰਮਾਇਆ :

ਇਤਨੇ ਜੀਵਨ ਹਿੰਸਾ ਕਰੈਂ ॥
ਪਾਪ ਬਿਲਾਸ ਆਪਨ ਸਿਰ ਧਰੈਂ ॥੭॥
ਅਬ ਤੋ ਸੁਗਮ ਜਾਨੀਅਹਿ ਕਹਿਬੋ ॥
ਅੰਤ ਮਹਾਂ ਦੁਖ ਨਰਕਨ ਪਰਬੋ ॥
ਦੇਹਿ ਸਾਸਨਾ ਜਮ ਕੇ ਦੂਤ ॥
ਤਹਾਂ ਨ ਪਹੁੰਚੇ ਬੰਧਪ ਪੂਤ ॥੮॥
ਜਿਨ ਹੇਤ ਆਪ ਕਰਮ ਕਮਾਇ ॥
ਤਹਾਂ ਨ ਰੰਚਕ ਹੋਇ ਸਹਾਇ ॥
ਸੁਖ ਭੋਗੇਂਗੇ ਸਗਰੇ ਲੋਕ ॥
ਅਪਦਾ ਪਰਹਿ ਤੋਹਿ ਬਡ ਸੋਕ ॥੯॥
ਧਰਮ ਰਾਇ ਜਬ ਕਰਿ ਹੈ ਲੇਖਾ ॥
ਲਹੈਂ ਮਹਾਂ ਦੁਖ ਰਹੈ ਨ ਸੇਖਾ ॥......

ਸ੍ਰੀ ਗੁਰੂ ਕਹਾ ਕਰੋ ਉਪਚਾਰ॥
ਜਿਸ ਤੇ ਹੋਇ ਨ ਜੀਵ ਸੰਘਾਰ॥

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ ੧, ਅੰਸ ੨੬)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੁਕਮਨਾਮੇ

ਹੁਕਮਨਾਮਾ ਨੰਬਰ ੬, ਪੰਨਾ ੧੨

ਕਰਤਾਰ ਕਰਤਾਰ ਵਾਚਣੀ। ਗੁਰੂ ਤੁਸਾਡੀ ਲਜ ਰ-
ਖੈਗਾ ਗੁਰੂ ਗੁਰੂ ਜਪਣਾ ਜਨਮ ਸਵਰੂ ਸੰਗ-
ਤ ਦੀ ਕਾਮਨਾ ਗੁਰੂ ਪੂਰੀ ਕਰੇਂਗੇ ਸੰਗਤੀ ਦਾ ਰੁ-
ਜਗਾਰੁ ਹੋਗਾ ਇਕ ਦਾਸੀ ਰਹਿਣਾ[1] ਮਾਸ ਮੱਛੀ ਦੇ ਨੇੜੇ
ਨਹੀਂ ਆਵਣਾ ਸੰਗਤ ਦੀ ਚੀਰੀ ਪਹੁਤੀ ਹਕੀਕਤਿ ਸਭ
ਮਲੂਮ ਹੋਈ ਸੰਗਤਿ ਸਰਬਤਿ ਇਕਮ[2] ਜੁ-
ਤਿ ਹਹੇ ਤਿਵੇਂ ਰਹਣਾ ਜਾਪੇ ਗੁਰਦਾਸ ਨਾਲ ਲਗ ਰਹ-
ਣਾ ਕਾਰਵਾਰ ਇਨਾ ਨੋ ਦੇਂਦਿਆ ਰਹਣਾ ਸੰਗਤਿ ਉਪ-
ਰਿ ਗੁਰੂ ਦੀ ਖਰੀ ਖੁਸੀ ਹਇ ਸੰਗਤੀ ਦਾ ਰੁਜਗਾਰੁ ਹੋ-
ਗਾ ਸੰਗਤਿ ਆਪ ਵਿਚਿ ਇਕਤੁ[3] ਕਰਣਾ ਸੰਗ-
ਤੀ ਦੀ ਖਰੀ ਖੁਸੀ ਗੁਰੂ ਦੀਨਾ ਦੇ ਹੋਂਦੇ ਹਇ ਸਭ ਮੇਰੇ
ਪੁਤ ਹੈਨਿ ਸਭਨਾ ਇਕਤੇ ਜੀਐ ਹੋਣਾ
ਅਗੇ ਕਾਰਵਾਰ ਲੇਦੀ ਹਥ ਲਿਖ ਭੇਜਾ ਹਇ ਓਹ
ਸਭਾ ਕਾਰ ਕਰਿ ਭੇਜਣੀ। ਇਲਾਇਚੇ ਮਨ (ਮਣ) ਦਹ.......

ਹੁਕਮਨਾਮਾ ਨੰ: ੯ ਪੰਨਾ ੧੫



੧. ਅਰਥਾਤ—ਇਕ ਦੂਜੇ ਦੇ ਦਾਸ ਬਣ ਕੇ ਨਿਮ੍ਰਤਾ ਨਾਲ ਰਹਿਣਾ। ੨. ਏਕਤਾ, ਇਤਫ਼ਾਕ।
੩. ਮਿਲਾਪ।

ਭਾਈ ਜਾਪੂ ਭਾਈ ਗੁਰਦਾਸੁ ਭਾਈ ਮੁਰਾਰਿ ਭਾਈ ਜਾਤਿ ਭਾਇ ਦਿਆਲਾ ਗੁਰੂ ਗੁਰੂ ਜਪਣਾ ਜਨਮ ਸਵਰੂ ਸੰਗਤ ਦੀ ਕਾਮਨਾ ਪੂਰੀ ਹੋਗੁ ਸੰਗਤੀ ਦਾ ਰੁਜਗਾਰ ਹੋਗ ਸੰਗਤੀ ਕੀ ਕਾਰ ਜੁ ਲੇਹਾਗਾ ਗੁਰੂ ਦੀ ਆ-ਗਿਆ ਹਇ ਕੀਰਤਨ ਕਰਣਾ ਇਕ ਦਾਸੁ ਭਲੀ ਜੁਗਤਿ ਰਹਣਾ ਮਾਸ ਮਛੀ ਦੇ ਨੇੜੇ ਨਾਹੀ ਆਵਣਾ ਪੂਰਬ ਦੀ ਸੰਗਤਿ ਗੁਰੂ ਦਾ ਖਾਲਸਾ ਹਇ ਉਪਰੰਤਿ ਗੁਰੂ ਦੀ ਆਗਿਆ ਹਇ ਭਾਈ ਜਾਪੂ ਭਾਈ ਗੁਰਦਾਸ ਤੁਸਾਂ ਸ-ਭਨਾਂ ਰਲ ਕੇ ਸਾਰੇ ਪੂਰਬ ਦੀ ਕਾਰ ਕਰਣੀ ਜਿਸ ਦਾ ਰੁਪਯਾ ਗੁਰੂ ਦੀ ਕਾਰ ਵਿ-ਚ ਪੋਗ ਤਿਸ ਦਾ ਗੁਰੂ ਦੀ ਦਰਗਾਹ ਥਾਇ ਪਵੇਗੁ ਤਿਸ ਨੂੰ ਕਦੇ ਕਿਛ ਥੁੜ ਨ ਹੈਸ ਓਏ ਹਵਾਲ ਸਵ ਕੀ ਹਇ ਰੁਪਯੇ ਸਇ ਸਤਿ ਦੀ ਹੁੰਡੀ ਕਰ ਭੇਜਣਾ ਪੰਦਰਹ ਜੋੜੇ ਮੈਨੂੰ ਸਵਾਇ ਭੇਜਣਾ ਪੰਦਰਹ ਬਾਬਾ ਜੀਉ ਨੂੰ ਸਵਾਇ ਭੇਜਣਾ।

ਗੁਰੂ ਗੁਰੂ ਜ ਪਣਾ ਜਨਮ ਸ ਵਰੂ	ੴ ਸਤਿਗੁਰੂ	ਇਥੇ ਤੁਸਾਂ ਬਹੁਤ ਮਾਣ ਕਰਣਾ ਢਿਲ ਨਹੀਂ ਕਰਣੀ ਆਖਨ ਸੁ ਕਰਣਾ ਸੇਵਾ ਕਰਣੀ	ੴ ਸਤਿਗੁਰੂ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਭਾ: ਸਾ: ਦਇਆ ਸਿੰਘ ਜੀ ਪ੍ਰਤੀ ਉਪਦੇਸ਼, ਜਿਸ ਦਾ ਹਵਾਲਾ 'ਸੁਧਰਮ ਮਾਰਗ ਗ੍ਰੰਥ' ਵਿਚ ਆਇਆ ਹੈ:

ਪੰਜ ਕਰਮ ਨ ਕਰੈ ਸੋ ਜੀਵਨ-ਮੁਕਤ ਹੈ:

(੧) ਧਨ ਪਰਾਇਆ ਨ ਹਰੈ। (੨) ਇਸਤ੍ਰੀ ਨ ਸੇਵੈ।
(੩) ਨਿੰਦਾ ਨ ਕਰੈ। (੪) ਜੂਆ ਨ ਖੇਲੈ।
(੫) ਮਧ ਮਾਸ ਖਾਯ ਨਾਹੀ।

ਅਜਿਹਾ ਉਲੇਖ ਪੁਰਾਤਨ ਹਥ-ਲਿਖਤ ਬੀੜਾਂ ਵਿਚ ਵੀ ਮਿਲਦਾ ਹੈ।

ਮਾਸ ਖਾਣ ਦੇ ਸਿਲਸਿਲੇ ਵਿਚ ਜਿਹੜੀ ਕਿਰਿਆ ਗੁਰਮਤਿ ਵਿਰੋਧੀ ਹੈ, ਉਹ ਹੈ ਜੀਵਾਂ ਉਪਰ ਜ਼ੁਲਮ ਕਰਨਾ। ਲਬ ਲੋਭ ਦੇ ਅਧੀਨ ਕਿਸੇ ਵੀ ਜੀਵ 'ਤੇ ਜ਼ੋਰ-ਜ਼ੁਲਮ ਕਰਨਾ ਹਿੰਸਕ ਰੁਚੀ ਦਾ ਪ੍ਰਤੀਕ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਗੁਰਬਾਣੀ ਜਗਿਆਸੂ ਨੂੰ ਹਿੰਸਾ ਤੋਂ ਵਰਜਦੀ ਹੈ ਅਤੇ ਜੀਵ-ਦਇਆ ਦਾ ਉਪਦੇਸ਼ ਕਰਦੀ ਹੈ। ਇਸ ਸੰਬੰਧ ਵਿਚ ਗੁਰਬਾਣੀ ਦੇ ਅਨੇਕ ਪ੍ਰਮਾਣ ਪਿਛਲੇ ਕਾਂਡ ਵਿਚ ਦਿਤੇ ਜਾ ਚੁਕੇ ਹਨ।

ਇਤਿਹਾਸ ਵਿਚ ਕਿਸੇ ਲਿਖਾਰੀ ਨੇ ਲਿਖ ਮਾਰਿਆ ਕਿ ਗੁਰੂ ਅੰਗਦ ਦੇਵ

੫੧-੫੨

ਜੀ ਦੇ ਲੰਗਰ ਵਿਚ ਮੱਛੀ ਮਾਸ ਦੀ ਵਰਤੋਂ ਕੀਤੀ ਜਾਂਦੀ ਸੀ। ਇਸ ਤੋਂ ਪਹਿਲਾਂ ਪੰਨਾ ~~੩੩-੩੪~~ ਉਤੇ ਇਤਿਹਾਸਕ ਹਵਾਲਾ ਦਰਜ ਕੀਤਾ ਗਿਆ ਹੈ, ਜਿਸ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਵਲੋਂ ਸ਼ੀਹੇਂ ਉਪਲ ਨੂੰ ਜੀਵ-ਹਤਿਆ ਕਰਨ ਤੋਂ ਵਰਜਣਾ ਸਿਧ ਹੁੰਦਾ ਹੈ, ਸਗੋਂ ਉਸ ਨੂੰ ਦ੍ਰਿੜ੍ਹਾਇਆ ਗਿਆ ਕਿ ਜੀਵ-ਸੰਘਾਰ ਪਾਪ-ਕਰਮ ਹੈ। ਜਿਸ ਦਾ ਲੇਖਾ ਅਗੇ ਭੁਗਤਣਾ ਪਵੇਗਾ।

ਬੜੀ ਹੈਰਾਨੀ ਦੀ ਗੱਲ ਹੈ ਕਿ ਕਿਸੇ ਮਨਚਲੇ ਲਿਖਾਰੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹੀ ਲੰਗਰ ਵਿਚ ਮਾਸ ਵਰਤਾਏ ਜਾਣਾ ਲਿਖ ਮਾਰਿਆ ਹੈ। ਭਾਈ ਸੱਤਾ ਅਤੇ ਭਾਈ ਬਲਵੰਡ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਢਾਡੀ ਸਨ। ਉਨ੍ਹਾਂ ਨੇ ਆਪਣੀ ਵਾਰ ਵਿਚ, ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਰਾਮਕਲੀ ਵਿਚ ਅੰਕਿਤ ਹੈ, ਸ੍ਰੀ ਗੁਰੂ ਅੰਗਦ ਜੀ ਦੇ ਲੰਗਰ ਵਿਚ ਵਰਤਾਏ ਜਾਣ ਵਾਲੇ ਮਹੱਤਵ-ਪੂਰਨ ਪਦਾਰਥਾਂ ਦਾ ਦੋ ਵਾਰੀ ਵਰਣਨ ਕੀਤਾ ਹੈ:

(ੳ) **ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥** (੯੬੭)

(ਅ) **ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ॥** (੯੬੮)

ਗੁਰੂ ਘਰ ਦੇ ਸਮਕਾਲੀ ਅਤੇ ਦਰਬਾਰੀ ਢਾਡੀਆਂ ਦੀ ਉਚਾਰੀ ਬਾਣੀ, ਜੋ ਪਰਵਾਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਹੋਈ ਹੈ, ਦੀ ਗਵਾਹੀ ਦੇ ਅਧਾਰ 'ਤੇ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਇਤਿਹਾਸਕ ਲਿਖਤ ਵਿਚ ਕਿਸੇ ਗੁਰੂ-ਦੋਖੀ ਜਾਂ ਵਿਰੋਧੀ ਨੇ, ਜਾਂ ਫਿਰ ਕਿਸੇ ਮਾਸ-ਅਹਾਰੀ ਲਿਖਾਰੀ ਨੇ ਗਪੌੜ ਮਾਰ ਕੇ ਸਿਖ-ਸਿਧਾਂਤ ਵਿਚ ਰਲਾ ਪਾਣ ਦੀ ਗਿਣੀ-ਮਿਥੀ ਸਾਜ਼ਸ਼ ਕੀਤੀ ਹੈ। ਇਤਿਹਾਸਕ ਗ੍ਰੰਥਾਂ ਵਿਚ ਕਿਧਰੇ ਮਾਸ ਖਾਣ ਦੇ ਹੱਕ ਵਿਚ ਅਤੇ ਕਿਧਰੇ ਇਸ ਦੇ ਵਿਰੋਧ ਵਿਚ ਲਿਖਤਾਂ ਸ੍ਵੈ-ਵਿਰੋਧੀ ਹਨ, ਜੋ (ਸਿਖ ਇਤਿਹਾਸ ਅਥਵਾ) ਸਿਖ ਧਰਮ ਨੂੰ ਹਾਸੋ-ਹੀਣੇ ਰੂਪ ਵਿਚ ਪੇਸ਼ ਕਰਦੀਆਂ ਹਨ।

ਗੁਰੂ ਨਾਨਕ ਦੇਵ ਜੀ ਵਲੋਂ ਕੁਰੂਕਸ਼ੇਤਰ ਵਿਖੇ ਸੂਰਜ ਗ੍ਰਹਿਣ ਦੇ ਮੇਲੇ ਉਤੇ ਕਿਸੇ ਰਾਜਕੁਮਾਰ ਵਲੋਂ ਮਾਰੇ ਹੋਏ ਹਿਰਨ ਨੂੰ ਪਕਵਾਏ ਜਾਣ ਦੀ ਘਟਨਾ ਦਾ ਵਰਣਨ ਵੀ ਮਾਸ-ਅਹਾਰੀ ਵੀਰ ਆਪਣੇ ਪੱਖ ਦੀ ਪੁਸ਼ਟੀ ਲਈ ਕਰਦੇ ਹਨ।

ਬਿਸਮਾਦੀ ਕੌਤਕਾਂ ਵਾਲੇ ਚੋਜੀ ਸਤਿਗੁਰੂ ਦੇ ਇਸ ਚੋਜ-ਬਿਨੋਦੀ ਕੌਤਕ ਦੀ ਗਤਿ ਮਿਤਿ ਆਪ ਹੀ ਜਾਣਨ, ਪਰ ਇਸ ਰਹੱਸ ਨੂੰ ਸਮਝਣ ਲਈ ਉਸ ਬਾਣੀ ਦੀ ਅੰਦਰਲੀ ਗਵਾਹੀ ਭਰੋਸੇ ਯੋਗ ਹੈ, ਜੋ ਉਸ ਸਮੇਂ ਉਚਾਰੀ ਗਈ ਅਤੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ, ਉਹ ਇਸ ਪ੍ਰਕਾਰ ਹੈ:

ਸਲੋਕ ਮ: ੧ ॥
ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥
ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ ॥
ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ ॥
ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ॥
ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ॥
ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ ॥
ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ ॥
ਆਪਿ ਛੁਟੇ ਨਹ ਛੂਟੀਐ ਨਾਨਕ ਬਚਨਿ ਬਿਣਾਸੁ ॥੧॥
ਮ: ੧ ॥
ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥
ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥
ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥
ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥
ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥
ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥
ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ ॥
ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ ॥
ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥
ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜੁਗਿ ਮਾਸੁ ਕਮਾਣਾ ॥
ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥
ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹਿ ਸੁਲਤਾਨਾਂ ॥

ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ ਕਾ ਦਾਨੁ ਨ ਲੈਣਾ॥
ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ॥
ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ॥
ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ॥
ਤੋਇਅਹੁ ਅੰਨੁ ਕਮਾਦੁ ਕਪਾਹਾ ਤੋਇਅਹੁ ਤ੍ਰਿਭਵਣੁ ਗੰਨਾ॥
ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ॥
ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ॥੨॥

(ਵਾਰ ਮਲਾਰ ਕੀ ਮਹਲਾ ੧, ਪੰਨਾ ੧੨੮੯-੯੦)

ਉਪਰੋਕਤ ਸਲੋਕਾਂ ਨੂੰ ਗਹੁ ਨਾਲ ਪੜ੍ਹ ਕੇ ਵਿਚਾਰਨ ਤੋਂ ਸਪੱਸ਼ਟ ਹੁੰਦਾ ਹੈ ਕਿ ਇਹਨਾਂ ਵਿਚੋਂ ਜੀਵਾਂ ਦਾ ਘਾਤ ਕਰ ਕੇ ਮਾਸ ਖਾਣ ਦੀ ਕਿਸੇ ਤਰ੍ਹਾਂ ਵੀ ਪੁਸ਼ਟੀ ਕੀਤੀ ਹੋਈ ਨਹੀਂ ਮਿਲਦੀ। ਸਲੋਕਾਂ ਵਿਚ ਨਿਰਪੂਣ ਕੀਤੇ ਗਏ ਸਿਧਾਂਤਕ ਨੁਕਤਿਆਂ ਦਾ ਸਾਰੰਸ਼ ਇਸ ਪ੍ਰਕਾਰ ਹੈ:

(੧) ਮਾਸ ਦੇ ਨਾਂ-ਮਾਤਰ ਤੋਂ ਛੂ ਛੂ ਕਰਨਾ ਅਤੇ ਭਿਟ ਜਾਨਣੀ ਫ਼ਜ਼ੂਲ ਹੈ। ਮਨੁੱਖੀ ਸਰੀਰ ਸਗਵਾਂ ਮਾਸ ਹੈ। ਇਸ ਦੀ ਉਤਪਤੀ ਮਾਸ (ਰਕਤ-ਬਿੰਦ) ਤੋਂ ਹੋਈ ਹੈ। ਇਸ ਦੇ ਸਾਰੇ ਅੰਗ ਮਾਸ ਦੇ ਹੀ ਹਨ।

(੨) ਮਾਂ ਦੀ ਕੁਖ ਵਿਚ ਮਨੁੱਖੀ ਸਰੀਰ ਦੀ ਬਣਤਰ ਬਣਨ ਦੇ ਸਮੇਂ ਤੋਂ ਲੈ ਕੇ ਇਸ ਸਰੀਰ-ਮੜ੍ਹੋਲੀ ਦੇ ਨਾਸ ਹੋਣ ਤਕ ਮਾਸ ਕਈ ਰੂਪਾਂ ਵਿਚ ਸਰੀਰ ਦੀ ਅੰਦਰਲੀ ਤੇ ਬਾਹਰਲੀ ਕਿਰਿਆ ਚਲਾਣ ਲਈ ਪ੍ਰਯੋਗ ਵਿਚ ਆਉਂਦਾ ਹੈ, ਜਿਵੇਂ—ਮਾਂ ਦਾ ਉਦਰ (ਜਿਥੇ ਨੌਂ ਮਹੀਨੇ, ਜੀਵ ਨੂੰ ਵਾਸਾ ਮਿਲਦਾ ਹੈ), ਨਾੜੂਆ (ਜਿਸ ਰਾਹੀਂ ਮਾਂ ਦੇ ਪੇਟ ਵਿਚ ਖ਼ੁਰਾਕ ਮਿਲਦੀ ਹੈ), ਮੰਮਾ (ਮਾਂ ਦਾ ਦੁੱਧ ਚੁੰਘਣ ਲਈ), ਮੂੰਹ, ਜੀਭ ਆਦਿ। ਫਿਰ ਵਡੇ ਹੋਇਆਂ ਇਸ ਦਾ ਸੰਜੋਗ ਮਾਸ (ਇਸਤ੍ਰੀ) ਨਾਲ ਹੁੰਦਾ ਹੈ, ਜਿਸ ਤੋਂ ਮਾਸ (ਧੀਆਂ, ਪੁੱਤਰ) ਪੈਦਾ ਹੁੰਦਾ ਹੈ।

ਟਿਪਣੀ

ਜਿਸ ਕਿਸਮ ਦੇ ਮਾਸ ਦਾ ਉਪਰ ਜ਼ਿਕਰ ਹੈ ਉਹ ਨਿਰਸੰਦੇਹ ਹੈ ਤਾਂ ਮਾਸ, ਪਰ ਅਜਿਹਾ ਮਾਸ ਜੀਵਨ-ਕਿਰਿਆ ਚਲਾਣ ਲਈ ਸਾਧਨ (Instrument) ਦੇ ਤੌਰ 'ਤੇ ਵਰਤੋਂ ਵਿਚ ਆਉਂਦਾ ਹੈ। ਉਸ ਵਿਚ ਜ਼ੋਰ-ਜ਼ੁਲਮ ਅਤੇ ਪਾਪ-ਕਰਮ ਦੀ ਕੋਈ ਉਪਾਧੀ ਨਹੀਂ ਹੁੰਦੀ। ਸਭ ਜਾਣਦੇ ਹਨ ਕਿ

ਰਕਤ-ਬਿੰਦ, ਮਾਤਾ ਦਾ ਉਦਰ, ਨਾੜੂਆ, ਮੰਮਾ, ਮੂੰਹ, ਜੀਭ, ਇਸਤ੍ਰੀ, ਧੀਆਂ ਪੁੱਤਰ, ਜਿਨ੍ਹਾਂ ਨਾਲ ਮਨੁੱਖ ਦਾ ਜੀਵਨ ਪ੍ਰਯੰਤ ਸਮੇ ਸਮੇ ਵਾਹ ਪੈਂਦਾ ਹੈ, ਇਹ ਸਾਰੇ ਮਾਸ ਦੇ ਹਨ; ਪਰ ਕੀ ਕੋਈ ਇਸ ਕਿਸਮ ਦੇ ਮਾਸ ਨੂੰ ਖਾਂਦਾ ਹੈ ? ਸੋ ਸਲੋਕ ਦਾ ਤਾਤ-ਪਰਜ ਵੈਸ਼ਨਵੀ ਪਾਂਡਿਆਂ ਦੇ ਅੰਦਰੋਂ ਮਾਸ ਦੇ ਨਾਮ ਮਾਤਰ ਦੀ ਘਿਰਣਾ ਦੂਰ ਕਰਨਾ ਹੀ ਹੈ। ਨਾਲ ਹੀ ਸਚਾਈ ਪ੍ਰਗਟ ਕੀਤੀ ਹੈ ਕਿ ਮਾਸ ਤੋਂ ਛੁਟਕਾਰਾ ਆਪਣੇ ਯਤਨਾਂ ਜਾਂ ਉਕਤੀਆਂ-ਜੁਗਤੀਆਂ ਨਾਲ ਸੰਭਵ ਨਹੀਂ। ਸਤਿਗੁਰੂ ਦੇ ਮਿਲਾਪ ਸਦਕਾ ਹੁਕਮ ਬੁਝਣ ਨਾਲ ਜੀਵਨ-ਯਾਤਰਾ ਸਫਲ ਹੁੰਦੀ ਹੈ ਤੇ ਮਾਸ (ਸਰੀਰ ਮੁੜ ਮੁੜ ਧਾਰਨ ਕਰਨ ਤੇ ਆਵਾ-ਗਵਨ ਦੇ ਚੱਕਰ ਵਿਚ ਪਏ ਰਹਿਣ) ਤੋਂ ਛੁਟਕਾਰਾ ਮਿਲਦਾ ਹੈ।

(੩) ਅਸਲੀ ਗਿਆਨ ਧਿਆਨ ਤੇ ਗੁਹਜ ਰਹੱਸ ਨੂੰ ਸਮਝੇ ਬਗ਼ੈਰ ਮਾਸ ਸੰਬੰਧੀ ਝਗੜਾ ਕਰਨਾ ਨਿਰੀ ਮੂਰਖਤਾ ਹੈ। ਸਤਿਗੁਰੂ ਦੇ ਗਿਆਨ ਤੋਂ ਬਗ਼ੈਰ ਇਹ ਸੋਝੀ ਹੋ ਹੀ ਨਹੀਂ ਆਉਂਦੀ ਕਿ ਕਿਹੜੀ ਵਸਤੂ ਮਾਸ ਹੈ ਤੇ ਕਿਹੜੀ ਸਾਗ, ਅਤੇ ਇਹਨਾਂ ਵਿਚੋਂ ਕਿਹੜੀ ਦੇ ਸੇਵਨ ਕਰਨ ਨਾਲ ਮਨੁੱਖ ਪਾਪਾਂ ਦਾ ਭਾਗੀ ਬਣਦਾ ਹੈ।

ਟਿਪਣੀ

ਆਪਣੇ ਮੂਲ ਰੂਪ ਵਿਚ ਨਾ ਮਾਸ ਨਿੰਦਤ ਹੈ ਤੇ ਨਾ ਸਾਗ। ਜੇ ਕੁਝ ਨਿੰਦਤ ਹੈ ਤਾਂ ਉਹ ਹੈ ਮਾਸ ਜਾਂ ਸਾਗ ਦੀ ਪ੍ਰਾਪਤੀ ਲਈ ਜ਼ੋਰ-ਜ਼ੁਲਮ ਅਤੇ ਅਯੋਗ-ਸਾਧਨਾਂ ਦੀ ਕੀਤੀ ਗਈ ਵਰਤੋਂ, ਅਤੇ ਇਸ ਦੇ ਪਿੱਛੇ ਕੰਮ ਕਰ ਰਹੀ ਲੋਭ-ਲਾਲਚ ਦੀ ਮੰਦੀ ਭਾਵਨਾ, ਜੋ ਪਾਪ ਦਾ ਮੂਲ ਕਾਰਨ ਹੈ। ਰਿਸ਼ਵਤ ਅਤੇ ਲੁਟ-ਘਸੁਟ ਦੀ ਕਮਾਈ ਨਾਲ ਪ੍ਰਾਪਤ ਕੀਤਾ ਸਾਗ, ਜੋ ਬੇਸ਼ਕ ਸਾਤਵਿਕ ਭੋਜਨ ਹੈ, ਵੀ ਨਿਰਸੰਦੇਹ ਘਿਰਣਤ ਅਤੇ ਨਿੰਦਤ ਹੈ।

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ (੧੪੧)
ਬਹੁ ਪਰਪੰਚ ਕਰਿ ਪਰਧਨੁ ਲਿਆਵੈ ॥
ਸੁਤ ਦਾਰਾ ਪਹਿ ਆਨਿ ਲੁਟਾਵੈ ॥ (੬੫੬)
ਖੁਸਿ ਖੁਸਿ ਲੈਦਾ ਵਸਤੁ ਪਰਾਈ ॥
ਵੇਖੈ ਸੁਣੈ ਤੇਰੈ ਨਾਲਿ ਖੁਦਾਈ ॥ (੧੦੨੦)

ਗੁਰੂ ਬਾਬੇ ਨੇ ਮਲਕ ਭਾਗੋ ਦੇ ਮਾਲ੍ਹ ਪੂੜੇ (ਜੋ ਭਾਵੇਂ ਸਾਤਵਿਕ ਭੋਜਨ

ਸੀ) ਇਸ ਲਈ ਅੰਗੀਕਾਰ ਕਰਨੋਂ ਇਨਕਾਰ ਕੀਤਾ ਸੀ ਕਿਉਂ ਜੁ ਉਹ ਗਰੀਬ ਜਨਤਾ ਉਤੇ ਜ਼ੁਲਮ ਕਰ ਕੇ ਅਤੇ ਲੁਟ-ਘਸੁਟ ਕਰ ਕੇ ਪ੍ਰਾਪਤ ਕੀਤੇ ਧਨ ਪਦਾਰਥਾਂ ਨਾਲ ਤਿਆਰ ਕੀਤੇ ਗਏ ਸਨ। ਗੁਰੂ ਬਾਬੇ ਨੇ ਆਪਣੇ ਕਲਾ-ਕ੍ਰਿਸ਼ਮਾਉਣੀ ਕੌਤਕ ਦੁਆਰਾ ਉਹਨਾਂ ਚੋਂ ਪ੍ਰਤੱਖ ਲਹੂ ਕੱਢ ਕੇ ਵਿਖਾਇਆ ਸੀ। ਜੀਵਾਂ ਨੂੰ ਵੱਢ ਕੇ ਉਹਨਾਂ ਦਾ ਮਾਸ ਖਾਣ ਲਈ ਤਾਂ ਪ੍ਰਤੱਖ ਹੀ ਉਹਨਾਂ ਦਾ ਖ਼ੂਨ ਡੁਲ੍ਹਦਾ ਹੈ ਤੇ ਜ਼ੋਰ-ਜ਼ੁਲਮ ਵਰਤਿਆ ਜਾਂਦਾ ਹੈ। ਇਹ ਕਰਮ ਅਵੱਸ਼ ਮੰਦਾ ਹੈ, ਅਤੇ ਪਾਪ ਦਾ ਮੂਲ ਹੈ। ਗੁਰਬਾਣੀ ਦਾ ਫ਼ੁਰਮਾਨ ਹੈ :

ਅਸੰਖ ਗਲਵਢ ਹਤਿਆ ਕਮਾਹਿ ॥
ਅਸੰਖ ਪਾਪੀ ਪਾਪੁ ਕਰਿ ਜਾਹਿ ॥੧੮॥ *(ਜਪੁਜੀ)*

(੪) ਕੇਵਲ ਮਾਸ ਨਾ ਖਾਣ ਨਾਲ ਕੋਈ ਵਿਅਕਤੀ ਪਵਿਤਰ ਜਾਂ ਧਰਮੀ ਨਹੀਂ ਹੋ ਸਕਦਾ।

ਟਿਪਣੀ

ਧਰਮ ਧਾਰਨ ਕੀਤਿਆਂ ਹੀ ਮਨੁੱਖ ਧਰਮੀ ਬਣਦਾ ਹੈ, ਐਵੇਂ ਫੋਕਟ ਕਰਮ-ਕਾਂਡ ਕੀਤਿਆਂ ਜਾਂ ਕੁਝ ਪਦਾਰਥਾਂ ਦੇ ਖਾਣ ਦਾ ਤਿਆਗ ਕਰਨ ਨਾਲ ਨਹੀਂ। ਧਰਮ ਦੀ ਪ੍ਰੀਭਾਸ਼ਾ ਬੜੀ ਵਿਸ਼ਾਲ ਤੇ ਡੂੰਘੀ ਹੈ, ਪਰ ਮੂਲ ਰੂਪ ਵਿਚ ਕਰਤੇ ਪੁਰਖ ਵਾਹਿਗੁਰੂ ਦੀ ਹੋਂਦ 'ਤੇ ਵਿਸ਼ਵਾਸ ਰਖ ਕੇ ਉਸ ਵਿਚ ਲੀਨ ਹੋਣ ਲਈ, ਨਾਮ ਸਿਮਰਨ ਕਰਨਾ ਧਰਮ ਕਮਾਉਣਾ ਹੈ।

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ (੨੬੬)

ਨਾਮ ਜਪਣਾ ਧਰਮ-ਕਰਮ ਹੈ, ਅਤੇ ਕੇਵਲ ਇਹ ਹੀ ਨਿਰਮਲ ਕਰਮ ਹੈ। ਦੈਵੀ ਗੁਣ ਸਤ, ਸੰਤੋਖ, ਦਇਆ, ਵੈਰਾਗ, ਤਿਆਗ, ਸਦ-ਭਾਵਨਾ ਅਤਿ ਲੋੜੀਂਦੇ ਮਨੁੱਖੀ ਸ਼ੁਭ ਗੁਣ ਹਨ। ਨਾਮ ਨਾਲ ਇਹ ਸਾਰੇ ਗੁਣ ਸ਼ੋਭਦੇ ਹਨ, ਜਿਵੇਂ ਜੰਞ ਲਾੜੇ ਨਾਲ। ਤੇ ਅਸਲ ਵਿਚ ਇਹ ਨਾਮ-ਸਿਮਰਨ ਵਿਚੋਂ ਸੁਤੇ ਹੀ ਉਪਜਦੇ ਹਨ। ਪਰ ਨਾਮ-ਸਿਮਰਨ ਤੋਂ ਬਗ਼ੈਰ ਇਹਨਾਂ ਦੀ ਕੋਈ ਵਿਸ਼ੇਸ਼ਤਾ ਨਹੀਂ ਰਹਿ ਜਾਂਦੀ।

ਉਪਰੋਕਤ ਗੁਣਾਂ ਵਿਚੋਂ ਕਿਸੇ ਇਕ ਜਾਂ ਵਧੇਰਿਆਂ ਦਾ ਧਾਰਨ ਕਰ ਲੈਣਾ

ਮੁਬਾਰਕ ਹੈ, ਪਰ ਮਨੁੱਖ ਸਮੁੱਚੇ ਤੌਰ 'ਤੇ ਧਰਮੀ ਤਾਂ ਹੀ ਬਣ ਸਕਦਾ ਹੈ ਜੇ ਨਾਮ-ਸਿਮਰਨ ਦਾ ਸਰਬੋਤਮ ਕਰਮ ਨਾਲ ਹੋਵੇ। ਨਾਮ-ਸਿਮਰਨ ਤੋਂ ਬਗ਼ੈਰ ਇਹ ਦੈਵੀ ਗੁਣ ਵਿਖਾਵਾ ਤੇ ਪਰਪੰਚ ਬਣ ਕੇ ਰਹਿ ਜਾਂਦੇ ਹਨ। ਸਿਫ਼ਰੇ ਜੇ ਕਿਸੇ ਹਿੰਦਸੇ ਨਾਲ ਲਾਏ ਜਾਣ ਤਾਂ ਇਹਨਾਂ ਦੀ ਬੜੀ ਮਹੱਤਤਾ ਹੁੰਦੀ ਹੈ। ਪਰ ਇਕਾਈ ਤੋਂ ਬਗ਼ੈਰ ਸਿਫ਼ਰੇ ਸਿਫ਼ਰ ਹੀ ਹੁੰਦੇ ਹਨ।

ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥
ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥੧॥ਰਹਾਉ॥
ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ ॥
ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ ॥੧॥

(ਗਉੜੀ ਮਾਲਾ ਮਹਲਾ ੫, ਪੰਨਾ ੨੧੬)

ਪਵਿਤਰਤਾ ਦਾ ਸੋਮਾ ਕੇਵਲ ਨਾਮ ਹੈ। ਨਾਮ ਤੋਂ ਵਿਹੂਣਾ ਮਨੁੱਖ ਕਰਮ-ਕਾਂਡ ਕਰਦਾ ਹੋਇਆ ਵੀ ਕੁਚੀਲ ਹੀ ਰਹਿੰਦਾ ਹੈ। ਫਿਰ ਜੇ ਕੋਈ ਰਕਤ-ਬਿੰਦ ਤੋਂ ਪੈਦਾ ਹੋਇਆ ਕੁਚੀਲ ਪੁਤਲਾ ਇਹ ਡੀਂਗ ਮਾਰੇ ਕਿ ਉਹ ਮੱਛੀ ਮਾਸ ਨਾ ਖਾਣ ਕਾਰਨ ਨਿਰਮਲ ਹੈ ਜਾਂ ਧਰਮੀ ਹੈ ਤਾਂ ਉਸਦਾ ਇਹ ਦਾਅਵਾ ਕੂੜਾਵਾ ਹੀ ਹੈ।

(੫) ਇਕ ਪਾਸੇ ਮਾਸ-ਤਿਆਗੀ ਹੋਣ ਦਾ ਦਿਖਾਵਾ ਕਰਨਾ ਅਤੇ ਦੂਜੇ ਪਾਸੇ ਦੇਵਤਿਆਂ ਦੀ ਪਾਈ ਬਾਣ ਅਨੁਸਾਰ ਉਹਨਾਂ ਦੀ ਪ੍ਰਸੰਨਤਾ ਲੈਣ ਲਈ ਗੈਂਡਾ ਆਦਿਕ ਜੀਵ ਮਾਰ ਕੇ ਹੋਮ ਜਗ ਕਰਨੇ ਤੇ ਇਸ ਦੇ ਨਾਲ ਹੀ ਰਾਤ-ਬਰਾਤੇ ਲੁਕ ਛੁਪ ਕੇ ਸਮੁਚੇ-ਮਨੁੱਖਾਂ ਨੂੰ ਹੜੱਪ ਜਾਣਾ ਪਰਪੰਚ ਨਹੀਂ ਤਾਂ ਹੋਰ ਕੀ ਹੈ?

(੬) ਇਸਤ੍ਰੀ ਪੁਰਖ, ਰਾਜੇ ਮਹਾਰਾਜੇ, ਸਾਰੇ ਮਾਸ ਤੋਂ ਪੈਦਾ ਹੋਏ ਹਨ ਤੇ ਸਗਵਾਂ ਮਾਸ ਹੀ ਹਨ। ਜੇ ਮਾਸ ਮਾੜੀ ਵਸਤੂ ਹੈ ਤਾਂ ਉਹ ਮਾਸ ਦੇ ਪੁਤਲੇ ਅਵੱਸ਼ ਨਰਕਾਂ ਦੇ ਭਾਗੀ ਹੋਣਗੇ। ਤਾਂ ਫਿਰ ਅਜਿਹੇ ਵਿਅਕਤੀ ਦੇ ਦਾਨ 'ਤੇ ਪਲਣ ਵਾਲੇ ਟੁੱਕੜ-ਬੋਚ ਪਾਂਡੇ ਕਿਵੇਂ ਸਵਰਗ ਜਾਣ ਦੀ ਆਸ ਰਖ ਸਕਦੇ ਹਨ?

(੭) ਸਾਰੇ ਪਦਾਰਥ ਪਾਣੀ ਤੋਂ ਉਪਜਦੇ ਹਨ ਤੇ ਇਸ ਤਰ੍ਹਾਂ ਸਭ ਪਦਾਰਥਾਂ ਦਾ ਮੁਢ-ਮੂਲ ਪਾਣੀ ਮੰਨਿਆ ਜਾਂਦਾ ਹੈ। ਜਲ ਵਿਚ ਜੀਵਨ-ਸਤਾ ਹੈ ਤੇ ਇਸ ਤਰ੍ਹਾਂ ਜਲ ਸਲਾਹੁਣ-ਜੋਗ ਵਸਤੂ ਹੈ, ਤੇ ਜਲ ਤੋਂ ਉਪਜੇ ਸਭ ਪਦਾਰਥ ਵੀ ਸਲਾਹੁਣ-ਜੋਗ ਹਨ। ਪਰ ਜੇ ਜੀਵਨ ਲਈ ਨਿਰਬਾਹ ਮਾਤਰ

ਵਰਤੋਂ ਕਰਨ ਦੀ ਬਜਾਏ ਇਹਨਾਂ ਪਦਾਰਥਾਂ ਨੂੰ ਚਸਕਿਆਂ ਦੇ ਅਧੀਨ ਅੰਨ੍ਹੇਵਾਹ ਸੇਵਨ ਕੀਤਾ ਜਾਵੇ ਤਾਂ ਅਜਿਹਾ ਕਰਨ ਨਾਲ ਸਰੀਰ ਪਰਫੁਲਤ ਹੋਣ ਦੀ ਬਜਾਏ ਪੀੜਿਆ ਜਾਂਦਾ ਹੈ ਅਤੇ ਰੋਗ ਦਾ ਵਿਕਾਰੀ ਹੋ ਜਾਂਦਾ ਹੈ। ਤਾਂ ਤੇ ਰਸਾਂ ਕਸਾਂ ਦੇ ਚਸਕਿਆਂ ਤੋਂ ਨਿਰਲੇਪ ਹੋ ਕੇ ਨਾਮ 'ਤੇ ਆਸ੍ਰਿਤ ਹੋਇਆਂ ਹੀ ਕੋਈ ਆਦਰਸ਼ਕ ਮਨੁੱਖ ਮੰਨਿਆ ਜਾ ਸਕਦਾ ਹੈ।

ਸੋ ਸਪੱਸ਼ਟ ਹੈ ਕਿ ਇਸ ਸ਼ਬਦ ਵਿਚ ਵੈਸ਼ਨਵ ਪਾਂਡਿਆਂ ਦੇ ਮਾਸ ਦੇ ਨਾਂ-ਮਾਤਰ ਤੋਂ ਭਿਟ ਜਾਣ ਦਾ ਭਰਮ ਨਿਵਿਰਤ ਕੀਤਾ ਗਿਆ ਹੈ। ਅਤੇ ਪਾਂਡਿਆਂ ਦੀਆਂ ਪਰਸਪਰ ਵਿਰੋਧੀ ਮਨੌਤਾਂ ਅਤੇ ਕਿਰਿਆਵਾਂ ਦਾ ਭਾਂਡਾ ਭੰਨਿਆ ਹੋਇਆ ਹੈ। ਸਾਡੇ ਮਾਸ-ਅਹਾਰੀ ਵੀਰਾਂ ਵਲੋਂ ਜੀਵਾਂ ਨੂੰ ਸੰਘਾਰ ਕੇ ਮਾਸ ਖਾਣ ਦੀ ਪੁਸ਼ਟੀ ਵਿਚ ਇਸ ਸ਼ਬਦ ਦੀ ਹਵਾਲੇ ਵਜੋਂ ਵਰਤੋਂ ਸਰਾ-ਸਰ ਬੇਪਰਜੀ ਹੈ।

ਇਤਿਹਾਸ ਵਿਚ ਸਤਿਗੁਰਾਂ ਵਲੋਂ ਸ਼ਿਕਾਰ ਕੀਤੇ ਜਾਣ ਸੰਬੰਧੀ ਕੁਝ ਸਾਖੀਆਂ ਆਉਂਦੀਆਂ ਹਨ। ਮਾਸ-ਅਹਾਰੀ ਵੀਰ ਮਾਸ ਖਾਣ ਦੀ ਪੁਸ਼ਟੀ ਲਈ ਇਹਨਾਂ ਸਾਖੀਆਂ ਦੀ ਆੜ ਲੈਂਦੇ ਹਨ, ਪਰ ਇਹਨਾਂ ਸਾਖੀਆਂ ਨੂੰ ਗਹੁ ਨਾਲ ਪੜ੍ਹਨ ਤੇ ਵਿਚਾਰਨ ਮਗਰੋਂ ਜਿਹੜਾ ਰਹੱਸ ਉਘੜਦਾ ਹੈ, ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਤਿਗੁਰਾਂ ਦਾ ਸ਼ਿਕਾਰ ਖੇਡਣਾ ਮਾਸ ਖਾਣ ਹਿਤ ਨਹੀਂ ਸੀ, ਸਗੋਂ ਇਸਦਾ ਸਹੀ ਮੰਤਵ ਕੁਝ ਹੋਰ ਸੀ :

(੧) ਸ਼ਸਤਰ ਅਭਿਆਸ ਕਰਨਾ।

(੨) ਖ਼ੂੰਖ਼ਾਰ ਜਾਨਵਰਾਂ, ਸ਼ੇਰਾਂ, ਚੀਤਿਆਂ, ਰਿੱਛਾਂ ਆਦਿ ਤੋਂ ਲੋਕਾਂ ਦਾ ਛੁਟਕਾਰਾ ਕਰਵਾਉਣਾ।

(੩) ਪੂਰਵ-ਕਾਲ ਵਿਚ ਉਤਰ-ਅਧਿਕਾਰੀ ਸਤਿਗੁਰਾਂ ਜਾਂ ਗੁਰਸਿੱਖਾਂ ਵਲੋਂ ਹੋਏ ਸੁਤੇ-ਸਿਧ ਬਚਨਾਂ ਅਨੁਸਾਰ ਜਾਨਵਰਾਂ ਦੀਆਂ ਜੂਨਾਂ ਵਿਚ ਪਏ ਕੁਝ ਜੀਵਾਂ ਦਾ ਉੱਧਾਰ ਕਰਨਾ।

ਸ਼ਿਕਾਰ ਸੰਬੰਧੀ ਇਤਿਹਾਸ ਵਿਚ ਆਈਆਂ ਸਾਰੀਆਂ ਸਾਖੀਆਂ ਵਿਚੋਂ ਉਪਰੋਕਤ ਵਰਣਿਤ ਤੱਥਾਂ ਵਿਚੋਂ ਕੋਈ ਇਕ ਤੱਥ ਉਘੜਦਾ ਹੈ। ਏਥੇ ਇਕ ਗੱਲ ਵਿਸ਼ੇਸ਼ ਤੌਰ 'ਤੇ ਵਰਣਨ ਕੀਤੇ ਜਾਣ ਜੋਗ ਹੈ ਕਿ ਕਰੁਣਾ-ਮੂਰਤੀ ਸਤਿਗੁਰੂ ਸ੍ਰੀ ਹਰਿ ਰਾਇ ਸਾਹਿਬ ਵੀ ਸ਼ਿਕਾਰ ਤੇ ਚੜ੍ਹਦੇ ਰਹੇ। ਆਪ ਜੀ ਦਾ ਹੁਕਮ ਸੀ ਕਿ ਕਿਸੇ ਜਾਨਵਰ ਨੂੰ ਮਾਰਨਾ ਨਹੀਂ। ਸ਼ਿਕਾਰ ਕਰਨ ਦੇ ਪਜ ਨਿਰਬਲ, ਰੋਗੀ ਅਤੇ ਫੱਟੜ ਜਾਨਵਰਾਂ ਨੂੰ ਜੀਂਦਾ ਫੜ ਕੇ ਲਿਆਇਆ ਜਾਂਦਾ ਅਤੇ ਕੁਝ ਦਿਨ

ਉਸ ਦੀ ਦੁਆ-ਦਾਰੂ ਤੇ ਸੇਵਾ-ਸੰਭਾਲ ਕਰ ਕੇ ਫਿਰ ਜੰਗਲ ਵਿਚ ਛਡ ਦਿਤਾ ਜਾਂਦਾ। ਅਜਿਹਾ ਸ਼ਿਕਾਰ ਕਿਸੇ ਲੋਭ ਲਾਲਚ ਲਈ ਨਹੀਂ, ਸਗੋਂ ਪਰਉਪਕਾਰ ਹਿਤ ਕੀਤਾ ਜਾਂਦਾ ਸੀ।

ਦਲੀਲ ਨੰਬਰ ੪

ਮਾਸ-ਅਹਾਰੀ ਵੀਰ ਮਾਸ ਖਾਣ ਦੇ ਹੱਕ ਵਿਚ ਇਕ ਦਲੀਲ ਦਿਆ ਕਰਦੇ ਹਨ ਕਿ ਜਾਨਵਰਾਂ ਦੀ ਤਰ੍ਹਾਂ ਅੰਨ ਦੇ ਦਾਣਿਆਂ ਵਿਚ ਵੀ ਤਾਂ ਜੀਵ ਹਨ, ਇਸ ਲਈ ਮਾਸ ਖਾਣ ਅਤੇ ਅੰਨ ਖਾਣ ਵਿਚ ਕੋਈ ਫ਼ਰਕ ਨਹੀਂ।

ਵਿਚਾਰ

ਜ਼ਰਾ ਡੂੰਘੀ ਦ੍ਰਿਸ਼ਟੀ ਅਤੇ ਸਾਫ਼ ਨੀਅਤ ਨਾਲ ਵੇਖੀਏ ਤਾਂ ਫ਼ਰਕ ਸਪੱਸ਼ਟ ਹੋ ਜਾਂਦਾ ਹੈ।

ਚੇਤੰਨ ਜੀਵ (Active Life) ਅਤੇ
ਜੀਵਨ ਸਤਾ (Energy for Life) ਵਿਚ ਫ਼ਰਕ

ਸਾਰੀ ਉਤਪਤੀ ਨੂੰ ਮੋਟੇ ਤੌਰ 'ਤੇ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ: ਚੇਤੰਨ ਅਤੇ ਜੜ੍ਹ। ਚੇਤੰਨ ਸ਼੍ਰੇਣੀ ਵਿਚ ਮਨੁੱਖ, ਪਸ਼ੂ ਅਤੇ ਪੰਛੀ ਆਦਿ ਸਾਰੇ ਜੀਵ-ਜੰਤੂ ਆ ਜਾਂਦੇ ਹਨ, ਜਿਨ੍ਹਾਂ ਅੰਦਰ ਮਹਿਸੂਸ ਕਰਨ ਅਤੇ ਮਨੋ-ਭਾਵ ਪ੍ਰਗਟ ਕਰਨ ਦੀ ਸਮਰੱਥਾ ਹੋਵੇ। ਪਦਾਰਥ ਆਦਿ ਜੜ੍ਹ ਸ਼੍ਰੇਣੀ ਵਿਚ ਆਉਂਦੇ ਹਨ। ਦੋਹਾਂ ਸ਼੍ਰੇਣੀਆਂ ਵਿਚ ਫ਼ਰਕ ਸਾਹਮਣੇ ਹੈ।

ਜ਼ਰਾ ਹੋਰ ਸੂਖਮ ਦ੍ਰਿਸ਼ਟੀ ਨਾਲ ਵਿਚਾਰੀਏ ਤਾਂ ਪਤਾ ਲਗਦਾ ਹੈ ਕਿ ਸਾਰੀ ਉਤਪਤੀ ਚਾਰ ਖਾਣੀਆਂ ਦੁਆਰਾ ਹੋਂਦ ਵਿਚ ਆਉਂਦੀ ਹੈ:

(ੳ) ਅੰਡਜ (ਅੰਡਿਆਂ ਦੁਆਰਾ)
(ਅ) ਜੇਰਜ (ਜੇਰ ਦੁਆਰਾ)
(ੲ) ਸੇਤਜ (ਗੰਦਗੀ ਦੁਆਰਾ)
(ਸ) ਉਤਭੁਜ (ਧਰਤੀ ਦੀ ਉਪਜ)

ਪਹਿਲੀਆਂ ਤਿੰਨ ਸ਼੍ਰੇਣੀਆਂ ਦੁਆਰਾ ਹੋਈ ਉਤਪਤੀ ਅੰਦਰ ਜੀਵ ਚੇਤਨ ਰੂਪ ਵਿਚ ਹੁੰਦਾ ਹੈ, ਪਰ ਚੌਥੀ ਸ਼੍ਰੇਣੀ (ਉਤਭੁਜ) ਦੁਆਰਾ ਹੋਈ ਉਤਪਤੀ ਵਿਚ ਚੇਤੰਨ ਜੀਵ ਦੀ ਬਜਾਏ ਜੀਵਨ-ਤੱਤ ਹੁੰਦਾ ਹੈ। ਚੇਤੰਨ ਜੀਵ ਅਤੇ ਜੀਵਨ-ਤੱਤ ਵਿਚ ਬੜਾ ਫ਼ਰਕ ਹੈ।

ਜਿਹੜੀ ਥਾਵੇਂ ਅੰਨ-ਦਾਣੇ ਖਾਣ ਲਈ ਪੀਠੇ ਜਾਂਦੇ ਹਨ ਉਸ ਨੂੰ ਆਟਾ-ਚੱਕੀ ਜਾਂ ਫ਼ਲੌਰ-ਮਿੱਲ ਕਿਹਾ ਜਾਂਦਾ ਹੈ, ਪਰ ਜਿਥੇ ਜਾਨਵਰਾਂ ਨੂੰ ਕੱਟ-ਵੱਢ ਕੇ ਖਾਣ ਲਈ ਮਾਸ ਬਣਾਇਆ ਜਾਂਦਾ ਹੈ ਉਸ ਨੂੰ ਬੁੱਚੜ-ਖ਼ਾਨਾ (Slaughter House) ਆਖਿਆ ਜਾਂਦਾ ਹੈ। ਇਸ ਦਾ ਖ਼ਾਸ ਕਾਰਨ ਹੈ। ਜਾਨਵਰਾਂ ਵਿਚ ਚੇਤੰਨ-ਜੀਵ (Active Life) ਹੈ ਅਤੇ ਅੰਨ ਦਾਣੇ ਵਿਚ ਜੀਵਨ-ਸਤਾ (Energy for Life)। ਅੰਨ-ਦਾਣਾ ਮਨੁੱਖ ਦਾ ਕੁਦਰਤੀ ਅਹਾਰ, ਭਾਵ ਰਿਜ਼ਕ ਹੈ, ਜੋ ਵਿਧਾਤਾ ਵਲੋਂ ਪ੍ਰਦਾਨ ਕੀਤਾ ਗਿਆ ਹੈ।

ਪਰਵਿਰਤੀ ਵਿਚ ਨਿਰਵਿਰਤੀ

ਮਨੁੱਖ ਜਦੋਂ ਹੀ ਮਾਂ ਦੀ ਕੁਖ ਚੋਂ ਬਾਹਰ ਆਉਂਦਾ ਹੈ ਤਾਂ ਉਸ ਦੀ ਮਾਂ ਦੀ ਛਾਤੀ ਵਿਚ ਕੁਦਰਤੀ ਤੌਰ 'ਤੇ ਦੁੱਧ ਆ ਪ੍ਰਵੇਸ਼ ਕਰਦਾ ਹੈ। ਇਹ ਦੁੱਧ ਵਿਧਾਤਾ ਵਲੋਂ ਅਪੜਾਇਆ ਮਨੁੱਖ ਦਾ ਕੁਦਰਤੀ ਅਹਾਰ, ਭਾਵ ਰਿਜ਼ਕ ਹੁੰਦਾ ਹੈ। ਦੁੱਧ ਵਿਚ ਨਿਰਸੰਦੇਹ ਕੀਟਾਣੂ ਹਨ। ਪਰ ਕੀ ਦੁੱਧ ਪੀਣ ਕਾਰਨ ਮਨੁੱਖ ਜੰਮਦਾ ਦੋਸ਼ੀ (Born Criminal) ਬਣ ਜਾਂਦਾ ਹੈ ? ਹਰਗਿਜ਼ ਨਹੀਂ। ਇਸ ਕੁਦਰਤੀ ਅਹਾਰ (ਰਿਜ਼ਕ) ਦੇ ਸੇਵਨ ਕਰਨ ਵਜੋਂ ਮਨੁੱਖ ਦੋਸ਼ੀ ਨਹੀਂ ਬਣਦਾ। ਕੁਝ ਖਾਧੇ ਬਿਨਾਂ ਜੀਵਨ ਕਿਵੇਂ ਕਾਇਮ ਰਹਿ ਸਕਦਾ ਹੈ ? ਗੁਰਬਾਣੀ ਦਾ ਫ਼ੁਰਮਾਨ ਹੈ :

ਪਹਿਲੋ ਦੇ ਤੈਂ ਰਿਜਕੁ ਸਮਾਹਾ ॥
ਪਿਛੋ ਦੇ ਤੈਂ ਜੰਤੁ ਉਪਾਹਾ ॥੬॥ (੧੩੦)

ਵਿਧਾਤੇ ਨੇ ਰਿਜ਼ਕ ਅਪੜਾਇਆ ਹੈ ਖਾਣ ਲਈ। ਖਾਣਾ ਹੈ ਜੀਉਣ ਲਈ, ਅਤੇ ਜੀਉਣਾ ਹੈ ਨਾਮ ਸਿਮਰਨ ਲਈ। ਜਿਉਂ ਜਿਉਂ ਬੱਚਾ ਵੱਡਾ ਹੁੰਦਾ ਜਾਂਦਾ ਹੈ, ਮਾਂ ਦੀ ਛਾਤੀ ਵਿਚ ਦੁੱਧ ਘਟਦਾ ਜਾਂਦਾ ਹੈ। ਫਿਰ ਬੱਚੇ ਨੂੰ ਕੁਦਰਤ ਵਲੋਂ ਦੰਦ ਮਿਲਦੇ ਹਨ ਕੁਝ ਖਾਣ ਲਈ। ਖਾਣਾ ਕੀ ਹੈ ? ਕੁਦਰਤੀ ਅਹਾਰ, ਭਾਵ ਰਿਜਕ, ਤੇ ਮਨੁੱਖ ਦਾ ਕੁਦਰਤੀ ਅਹਾਰ ਅਥਵਾ ਰਿਜਕ ਹੈ ਅੰਨ-ਭੋਜਨ :

ਆਦਿ ਪੁਰਖ ਤੇ ਹੋਇ ਅਨਾਦੁ ॥
ਜਪੀਐ ਨਾਮੁ ਅੰਨ ਕੈ ਸਾਦਿ ॥੧॥ਰਹਾਉ॥ (੮੭੩)

ਸਿਖ ਧਰਮ ਨਿਰਵਿਰਤੀ ਦਾ ਮਾਰਗ ਨਹੀਂ। ਪਰ ਪਰਵਿਰਤੀ ਵੀ ਯੋਗ ਸੀਮਾ ਤਕ ਧਾਰਨ ਕਰਨ ਦਾ ਹੀ ਵਿਧਾਨ ਹੈ, ਇਸ (ਪਰਵਿਰਤੀ) ਵਿਚ ਖੱਚਤ

ਹੋ ਕੇ ਆਪਣੇ ਜੀਵਨ-ਉਦੇਸ਼ ਅਤੇ ਮਨੁੱਖੀ ਕਰਤੱਵ ਨੂੰ ਭੁਲ ਜਾਣਾ ਵਿਕਾਰ ਹੈ। ਅੰਨ ਦਾ ਤਿਆਗ ਕਰਨਾ ਨਿਰਵਿਰਤੀ ਕਰਮ ਹੈ, ਤੇ ਇਹ ਗੁਰਮਤਿ-ਵਿਰੋਧੀ ਕਰਮ ਹੈ। ਗੁਰਬਾਣੀ ਦਾ ਫ਼ੁਰਮਾਨ ਹੈ:

ਅੰਨੈ ਬਾਹਰਿ ਜੋ ਨਰ ਹੋਵਹਿ ॥
ਤੀਨਿ ਭਵਨ ਮਹਿ ਅਪਨੀ ਖੋਵਹਿ ॥੨॥
ਛੋਡਹਿ ਅੰਨੁ ਕਰਹਿ ਪਾਖੰਡ ॥
ਨਾ ਸੋਹਾਗਨਿ ਨਾ ਓਹਿ ਰੰਡ ॥੩॥ (੮੭੩)

ਨਾਮ ਜਪਣ ਲਈ ਸਰੀਰ ਦੀ ਪਾਲਣਾ ਕਰਨੀ ਗੁਰਬਾਣੀ ਦੇ ਹੁਕਮਾਂ ਅਨੁਸਾਰ ਜ਼ਰੂਰੀ ਹੈ:

ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥
ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥੨॥ (੧੪)

(ਵਾਰ ਬਿਹਾਗੜਾ, ਮ: ੫, ਪੰਨਾ ੫੫੪)

ਪਰ ਦੇਹੀ ਦੀ ਪਾਲਣਾ ਦੀ ਆੜ ਲੈ ਕੇ ਰਸਾਂ ਕਸਾਂ ਵਿਚ ਖੱਚਤ ਹੋ ਜਾਣਾ ਤੇ ਜੀਭ ਦੇ ਸੁਆਦ ਲਈ ਜਾਂ ਸਰੀਰਕ-ਸ਼ਕਤੀ ਵਧਾਉਣ ਦੇ ਲਾਲਚ ਅਧੀਨ ਜੀਵਾਂ ਦਾ ਸੰਘਾਰ ਕਰਨਾ ਪਰਵਿਰਤੀ ਵਿਚ ਖੱਚਤ ਹੋਣਾ ਹੈ। ਅੰਨ ਦਾ ਤਿਆਗ ਨਿਰਵਿਰਤੀ ਕਰਮ ਹੈ ਅਤੇ ਮਾਸ-ਭੋਜਨ ਪਰਵਿਰਤੀ ਵਿਚ ਖੱਚਤ ਕਰਮ। ਦੋਵੇਂ ਅਤਿ-ਵਾਦੀ (Extremist) ਕਰਮ ਹਨ। ਇਹ ਦੋਵੇਂ ਗੁਰਮਤਿ ਵਿਰੋਧੀ ਕਰਮ ਹਨ। ਪਰਵਿਰਤੀ ਵਿਚ ਨਿਰਵਿਰਤੀ ਦਾ ਧਾਰਨੀ ਹੋਣਾ, ਗੁਰਮਤਿ ਦੀ ਦ੍ਰਿੜ੍ਹਾਈ ਨਿਰਮਲ ਜੀਵਨ-ਜੁਗਤੀ ਹੈ।

ਨਿਰਮਲ ਜੀਵਨ-ਜੁਗਤਿ

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਪੰਜ ਪ੍ਰਬਲ ਮਾਨਸਕ ਜਜ਼ਬੇ ਹਨ, ਜੋ ਮਨੁੱਖ ਦੀ ਨਿਜੀ ਅਤੇ ਸਮਾਜਕ ਉੱਨਤੀ ਲਈ ਅਤਿ ਲੋੜੀਂਦੇ ਹਨ। ਜਿੰਨੀ ਦੇਰ ਤਕ ਇਹ ਯੋਗ ਸੀਮਾ ਤਕ ਰਹਿੰਦੇ ਹਨ, ਓਨੀ ਦੇਰ ਤਕ ਇਹ ਸਮੁੱਚੀ ਪ੍ਰਗਤੀ ਵਿਚ ਸਹਾਈ ਹੁੰਦੇ ਹਨ ਅਤੇ ਕੁਦਰਤ ਦੀ ਅਮੋਲਕ ਦਾਤਿ ਸਿਧ ਹੁੰਦੇ ਹਨ। ਗੁਰਵਾਕ ਹੈ:

ਕਾਮ ਕ੍ਰੋਧ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥
ਜਿਉ ਗੋਡਹੁ ਤਿਉ ਤੁਮ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ ॥੩॥

(ਬਸੰਤ ਮ: ੧, ਪੰਨਾ ੧੧੭੧)

ਪਰ ਜਦੋਂ ਇਹ ਯੋਗ ਸੀਮਾ ਤੋਂ ਵਧ ਜਾਣ ਅਤੇ ਕਾਬੂ ਤੋਂ ਬਾਹਰ ਹੋ ਜਾਣ, ਭਾਵ ਮਨੁੱਖ ਇਨ੍ਹਾਂ ਦੇ ਚਸਕਿਆਂ ਵਿਚ ਖੱਚਤ ਹੋ ਜਾਵੇ ਤਾਂ ਇਹ ਵਿਕਾਰ ਬਣ ਜਾਂਦੇ ਹਨ ਅਤੇ ਇਨ੍ਹਾਂ ਦੁਆਰਾ ਮਨੁੱਖ ਦੀ ਸ਼ੋਭਾ ਅਤੇ ਸ਼ਕਤੀ ਦਾ ਪਤਨ ਹੁੰਦਾ ਹੈ।

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥
ਜਿਉ ਕੰਚਨ ਸੋਹਾਗਾ ਢਾਲੈ ॥

(ਰਾਮਕਲੀ ਮ: ੧ ਓਅੰਕਾਰ, ਪੰਨਾ ੯੩੨)

ਇਹ ਬੜਾ ਸੂਖਮ ਨੁਕਤਾ ਹੈ, ਜਿਸ ਨੂੰ ਸਮਝਣ ਨਾਲ ਜੀਵਨ ਅਨੰਦ-ਮਈ ਹੋ ਜਾਂਦਾ ਹੈ ਤੇ ਨਾ ਸਮਝਣ ਨਾਲ ਜੀਵਨ ਵਿਕਾਰੀ, ਰੋਗੀ ਅਤੇ ਦੁਖੀ ਹੋ ਜਾਂਦਾ ਹੈ।

ਵੈਦਕ ਵਿਚਾਰ-ਧਾਰਾ ਅਨੁਸਾਰ ਰੋਗ ਕੀ ਹੈ ? ਕਿਸੇ ਅਨਸਰ ਦਾ ਸਰੀਰ ਵਿਚ ਯੋਗ-ਮਾਤਰਾ ਤੋਂ ਵੱਧ ਜਾਂ ਘੱਟ ਜਾਣਾ; ਭਾਵੇਂ ਉਹ ਕਿੰਨਾ ਹੀ ਮਹੱਤਵ-ਪੂਰਨ ਅਨਸਰ ਕਿਉਂ ਨਾ ਹੋਵੇ। ਮਿਸਾਲ ਦੇ ਤੌਰ ਤੇ ਤੇਜ਼ਾਬੀ ਮਾਦੇ ਦੀ ਯੋਗ-ਮਾਤਰਾ ਤਕ ਹੋਂਦ ਖ਼ੁਰਾਕ ਨੂੰ ਹਜ਼ਮ ਕਰਨ ਅਤੇ ਉਸ ਨੂੰ ਲਹੂ ਅਤੇ ਵੀਰਜ ਬਣਾਉਣ ਵਿਚ ਸਹਾਈ ਹੁੰਦਾ ਹੈ, ਪਰ ਇਸ ਦਾ ਯੋਗ-ਮਾਤਰਾ ਤੋਂ ਵੱਧ ਜਾਂ ਘੱਟ ਜਾਣਾ ਇਕ ਰੋਗ ਹੈ।

ਸਿੱਟਾ ਇਹ ਹੈ ਕਿ ਜੀਵਨ-ਨਿਰਬਾਹ ਲਈ ਵਿਧਾਤਾ ਵਲੋਂ ਬਖ਼ਸ਼ੇ ਰਿਜਕ, ਭਾਵ ਅੰਨ-ਭੋਜਨ ਦਾ ਸੇਵਨ ਕਰਨਾ ਮਨੁੱਖ ਦਾ ਪ੍ਰਮੁੱਖ ਫ਼ਰਜ਼ ਹੈ, ਪਰ ਚਸਕਿਆਂ ਦੇ ਅਧੀਨ ਰਸਾਂ ਕਸਾਂ ਵਿਚ ਖੱਚਤ ਹੋਣਾ ਜਾਂ ਵਿਕਾਰਾਂ ਵਿਚ ਖੱਚਤ ਹੋ ਕੇ ਖੀਨ ਕੀਤੀ ਸਰੀਰਕ ਸਤਿਆ ਨੂੰ ਪੂਰੀ ਕਰਨ ਲਈ ਜੀਵ-ਜੰਤੂਆਂ ਦੀ ਜੀਵਨ ਸਤਾ ਉਤੇ ਛਾਪਾ ਮਾਰਨਾ ਪਾਪ-ਕਰਮ ਹੈ ਅਤੇ ਇਸ ਨਾਲ ਜੀਵਨ ਅਧੋਗਤੀ ਵਲ ਜਾਂਦਾ ਹੈ।

ਅੰਨ ਭੋਜਨ ਅਤੇ ਸੂਤਕ

ਮਾਸ-ਅਹਾਰ ਦੇ ਹਠ-ਧਰਮੀਆਂ ਵਾਂਗ ਭਾਰਤ ਦੇ ਬ੍ਰਾਹਮਣ ਨੇ ਸੂਤਕ-ਪਾਤਕ ਦਾ ਸਿਧਾਂਤ ਦੇ ਕੇ ਭੋਲੀ ਭਾਲੀ ਜਨਤਾ ਨੂੰ ਖੌਝਲ ਪਾਣ ਦਾ ਯਤਨ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਦੇ ੧੯ਵੇਂ ਸਲੋਕ ਵਿਚ ਇਸ ਭ੍ਰਾਂਤੀ ਦਾ ਸਮਾਧਾਨ ਕਰ ਕੇ ਯੋਗ ਸੇਧ ਬਖ਼ਸ਼ੀ। ਸਲੋਕ ਇਸ ਤਰ੍ਹਾਂ ਹੈ :

ਸਲੋਕ ਮ: ੧ ॥
ਜੇਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥
ਸੂਤਕੁ ਕਿਉਕਰਿ ਰਖੀਐ ਸੂਤਕੁ ਪਵੈ ਰਸੋਇ ॥
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥
ਮ: ੧ ॥
ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥
ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ ॥੨॥
ਮ: ੧ ॥
ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥
ਨਾਨਕ ਜਿਨ੍ੀ ਗੁਰਮੁਖਿ ਬੁਝਿਆ ਤਿਨ੍ਾ ਸੂਤਕੁ ਨਾਹਿ ॥੩॥

ਉਪਰੋਕਤ ਸਲੋਕ ਦੀਆਂ ਪਹਿਲੀਆਂ ਚਾਰ ਪੰਗਤੀਆਂ ਵਿਚ ਬ੍ਰਾਹਮਣ ਵਲੋਂ ਪਰਚਾਰੀ ਗਈ ਸੂਤਕ ਦੀ ਥੀਊਰੀ ਦਾ ਵਰਣਨ ਹੈ। ਫਿਰ ਸਿਧਾਂਤਕ ਨੁਕਤਾ ਉਠਾਇਆ ਹੈ ਕਿ ਜੇਕਰ ਸੂਤਕ ਦੀ ਇਸ ਥਿਊਰੀ ਨੂੰ ਮੰਨ ਲਈਏ ਤਾਂ ਸਾਰੇ ਜੀਵ ਅੰਨ-ਭੋਜਨ ਅੰਗੀਕਾਰ ਕਰਨ ਦੇ ਕਾਰਨ ਪਾਪ ਅਤੇ ਅਪਵਿਤਰਤਾ ਦੇ ਭਾਗੀ ਬਣ ਜਾਂਦੇ ਹਨ। ਪੰਜਵੀਂ ਤੁਕ ਵਿਚ ਇਹ ਸਵਾਲ ਕੀਤਾ ਹੈ ਕਿ ਇਸ ਸੂਤਕ ਤੋਂ ਬਚਾਅ ਕਿਵੇਂ ਸੰਭਵ ਹੋ ਸਕਦਾ ਹੈ ? ਅਗਲੀ ਪੰਗਤੀ ਵਿਚ ਉੱਤਰ ਹੈ ਕਿ ਸੂਤਕ ਤੋਂ ਛੁਟਕਾਰਾ ਕੇਵਲ ਗਿਆਨ ਦੁਆਰਾ ਹੋ ਸਕਦਾ ਹੈ।

ਸਲੋਕ ਦੇ ਦੂਜੇ ਅੰਕ ਵਿਚ ਮਨੁੱਖ ਨੂੰ ਚਿਮੜੇ ਸੂਤਕ ਦਾ ਸਹੀ ਸਰੂਪ ਨਿਰੂਪਣ ਕੀਤਾ ਹੈ ਕਿ ਮਨ ਲਈ ਲੋਭ ਸੂਤਕ ਹੈ, ਜੀਭ ਲਈ ਕੂੜ ਬੋਲਣਾ, ਅੱਖਾਂ ਲਈ ਪਰਾਇਆ ਰੂਪ ਦੇਖਣਾ ਅਤੇ ਕੰਨਾਂ ਲਈ ਪਰਾਈ ਨਿੰਦਿਆ ਚੁਗਲੀ ਸੁਣਨੀ ਸੂਤਕ ਹੈ, ਅਤੇ ਇਸ ਭਾਂਤ ਦੇ ਸੂਤਕ ਵਿਚ ਗ੍ਰਸਿਆ ਮਨੁੱਖ ਜਮ ਦੀ ਫਾਹੀ ਵਿਚ ਫਸਦਾ ਹੈ।

ਸਲੋਕ ਦੀਆਂ ਅੰਤਲੀਆਂ ਤੁਕਾਂ ਵਿਚ ਤੱਤ-ਸਾਰ ਦੇਂਦਿਆਂ ਫ਼ੁਰਮਾਇਆ ਹੈ ਕਿ ਬ੍ਰਾਹਮਣ ਵਲੋਂ ਪ੍ਰਚਾਰਿਆ ਸਾਰਾ ਸੂਤਕ-ਸਿਧਾਂਤ ਭਰਮ-ਜਾਲ ਹੈ ਤੇ ਇਹ ਦਵੈਤ-ਮਾਰਗ ਹੈ। ਆਉਣਾ, ਜਾਣਾ, ਜੰਮਣਾ, ਮਰਨਾ ਭਾਣੇ ਵਿਚ ਹੈ, ਅੰਨ-ਦਾਣਿਆਂ ਤੋਂ ਬਣਿਆ ਭੋਜਨ ਪਵਿਤਰ ਪਕਵਾਨ ਹੈ। ਇਹ ਰਿਜ਼ਕ ਮਨੁੱਖ ਲਈ ਉਸ ਦੇ ਰਚਣਹਾਰ ਰਾਜ਼ਕ-ਰਹੀਮ ਪ੍ਰਭੂ ਨੇ ਬਣਾਇਆ ਹੈ ਤੇ ਇਸ ਦੇ ਭੁੰਚਣ ਨਾਲ ਮਨੁੱਖ 'ਤੇ ਕੋਈ ਦੋਸ਼ ਨਹੀਂ ਆਉਂਦਾ। ਗੁਰਬਾਣੀ ਵਲੋਂ ਦਿਤੀ ਗਈ ਅਨ-ਭੋਜਨ-ਮਈ ਰਿਜਕ ਭੁੰਚਣ ਦੀ ਆਗਿਆ ਨੂੰ ਮਾਸ ਸੇਵਨ ਦੀ ਖੁਲ੍ਹ ਸਮਝਣਾ ਗੁਰਬਾਣੀ ਦੇ ਆਸ਼ੇ ਦੀ ਸਰਾਸਰ ਉਲੰਘਣਾ ਹੈ।

ਜੀਵਨ-ਨਿਰਬਾਹ ਲਈ ਭਗਤ-ਜਨਾਂ ਨੇ ਜੋ ਸਾਤਵਿਕ ਖਾਧ ਖ਼ੁਰਾਕ ਆਪਣੇ ਪ੍ਰਭੂ ਤੋਂ ਮੰਗੀ, ਉਹ ਗੁਰਬਾਣੀ ਵਿਚ ਅੰਕਿਤ ਹੈ:

ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥
ਹਉ ਮਾਂਗਉ ਸੰਤਨ ਰੇਨਾ॥ ਮੈ ਨਾਹੀ ਕਿਸੀ ਕਾ ਦੇਨਾ॥੧॥
ਮਾਧਉ ਕੈਸੀ ਬਨੈ ਤੁਮ ਸੰਗੇ॥
ਆਪਿ ਨ ਦੇਹੁ ਤ ਲੇਵਉ ਮੰਗੇ॥ਰਹਾਉ॥
ਦੁਇ ਸੇਰ ਮਾਂਗਉ ਚੂਨਾ॥ ਪਾਉ ਘੀਉ ਸੰਗਿ ਲੂਨਾ॥
ਅਧ ਸੇਰੁ ਮਾਂਗਉ ਦਾਲੇ॥ ਮੋ ਕਉ ਦੋਨਉ ਵਖਤ ਜਿਵਾਲੇ॥੨॥
ਖਾਟ ਮਾਂਗਉ ਚਉਪਾਈ॥ ਸਿਰਹਾਨਾ ਅਵਰ ਤੁਲਾਈ॥
ਊਪਰ ਕਉ ਮਾਂਗਉ ਖੀਂਧਾ॥ ਤੇਰੀ ਭਗਤਿ ਕਰੈ ਜਨੁ ਥੀਂਧਾ॥੩॥
ਮੈ ਨਾਹੀ ਕੀਤਾ ਲਬੋ॥ ਇਕੁ ਨਾਉ ਤੇਰਾ ਮੈ ਫਬੋ॥
ਕਹਿ ਕਬੀਰ ਮਨੁ ਮਾਨਿਆ॥
ਮਨੁ ਮਾਨਿਆ ਤਉ ਹਰਿ ਜਾਨਿਆ॥੪॥੧੧॥

(ਸੋਰਠਿ ਕਬੀਰ ਜੀ, ਪੰਨਾ ੬੫੬)

ਗੋਪਾਲ ਤੇਰਾ ਆਰਤਾ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥੧॥ਰਹਾਉ॥
ਦਾਲਿ ਸੀਧਾ ਮਾਗਉ ਘੀਉ॥ ਹਮਰਾ ਖੁਸੀ ਕਰੈ ਨਿਤ ਜੀਉ॥
ਪਨ੍ਹੀਆ ਛਾਦਨੁ ਨੀਕਾ॥ ਅਨਾਜੁ ਮਗਉ ਸਤ ਸੀ ਕਾ॥੧॥
ਗਊ ਭੈਸ ਮਗਉ ਲਾਵੇਰੀ॥ ਇਕ ਤਾਜਨਿ ਤੁਰੀ ਚੰਗੇਰੀ॥
ਘਰ ਕੀ ਗੀਹਨਿ ਚੰਗੀ॥ ਜਨੁ ਧੰਨਾ ਲੇਵੈ ਮੰਗੀ॥੨॥੪॥

(ਧਨਾਸਰੀ ਧੰਨਾ ਜੀ, ਪੰਨਾ ੬੯੫)

ਗੁਰਬਾਣੀ ਦੀਆਂ ਉਪਰੋਕਤ ਉਦਾਹਰਣਾਂ ਦੀ ਰੋਸ਼ਨੀ ਵਿਚ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਅੰਨ-ਭੋਜਨ ਲਈ ਮਨੁੱਖ ਲਈ ਇਸ ਦਾ ਸੇਵਨ ਕਰਨਾ ਕਦਾਚਿਤ ਪਾਪ-ਕਰਮ ਨਹੀਂ, ਸਗੋਂ ਅਜਿਹਾ ਕਰਨਾ ਮਨੁੱਖ ਦਾ ਪਰਮ ਧਰਮ ਹੈ।

ਅੰਨ-ਭੋਜਨ ਅਤੇ ਮਾਸ-ਭੋਜਨ ਦੋਹਾਂ ਵਿਚ ਬੜਾ ਫ਼ਰਕ ਹੈ ਤੇ ਇਨ੍ਹਾਂ ਨੂੰ ਇਕੋ ਛਾਬੇ ਵਿਚ ਤੋਲਣਾ ਦਿਆਨਤਦਾਰੀ ਨਹੀਂ। ਇਸ ਸੂਖਮ ਫ਼ਰਕ ਨੂੰ ਦਰਸਾਉਣ ਲਈ ਦੋ ਉਦਾਹਰਣਾਂ ਪੇਸ਼ ਹਨ:

(ੳ) ਕੇਸਾਂ ਦੀ ਪਾਲਣਾ—ਕੇਸਾਂ ਦੀ ਬੇਅਦਬੀ

ਸਿਖ ਧਰਮ ਵਿਚ ਕੇਸਾਂ ਦੀ ਬੜੀ ਮਹੱਤਤਾ ਹੈ। ਕੇਸ ਗੁਰੂ ਕੀਆਂ ਮੋਹਰਾਂ ਹਨ। ਸੋ ਗੁਰੂ ਕੀਆਂ ਮੋਹਰਾਂ ਜਾਣ ਕੇ ਕੇਸਾਂ ਦੇ ਸਤਿਕਾਰ ਕਰਨ, ਅਥਵਾ ਕੇਸਾਂ ਦੀ ਪਾਲਣਾ ਅਤੇ ਸੇਵਾ-ਸੰਭਾਲ ਕਰਨ ਦਾ ਹੁਕਮ ਹੈ। ਇਸ ਮੰਤਵ ਲਈ ਰਹਿਤਨਾਮੇ ਵਿਚ ਹਰੇਕ ਸਿਖ ਨੂੰ ਸਵੇਰੇ ਸ਼ਾਮ ਦੋਵੇਂ ਵੇਲੇ ਕੇਸਾਂ ਨੂੰ ਕੰਘਾ ਕਰਨ ਦੀ ਹਦਾਇਤ ਹੈ:

ਕੰਘਾ ਦੋਨੋ ਵਕਤ ਕਰ ਪਾਗ ਚੁਨੇ ਕਰ ਬਾਧਈ॥
ਦਾਤਨ ਨੀਤ ਕਰ ਨਾ ਦੁਖ ਪਾਏ ਲਾਲ ਜੀ॥

ਕੇਸਾਂ ਨੂੰ ਕੰਘਾ ਕਰਦਿਆਂ ਕੁਦਰਤੀ ਤੌਰ 'ਤੇ ਕੁਝ ਮੁਰਦਾ ਹੋ ਚੁਕੇ ਕੇਸ ਸੀਸ ਤੋਂ ਵੱਖ ਹੋ ਕੇ ਕੰਘੇ ਵਿਚ ਆ ਜਾਂਦੇ ਹਨ ਜਾਂ ਝੜ ਜਾਂਦੇ ਹਨ। ਦੂਜੇ ਪਾਸੇ ਕੁਝ ਵਿਅਕਤੀ ਫ਼ੈਸ਼ਨ-ਅਧੀਨ ਕੈਂਚੀ, ਉਸਤਰੇ, ਬਲੇਡ ਨਾਲ ਕੇਸ ਲੁਹਾਉਂਦੇ ਹਨ। ਨਿਰਸੰਦੇਹ ਦੋਹਾਂ ਹਾਲਤਾਂ ਵਿਚ ਕੇਸ ਉਤਰਦੇ ਹਨ; ਪਰ ਕੇਸਾਂ ਤੇ ਕੰਘਾ ਫੇਰਨਾ ਕੇਸਾਂ ਦੀ ਪਾਲਣਾ ਅਤੇ ਸੰਭਾਲ ਵਿਚ ਸ਼ਾਮਲ ਹੈ ਅਤੇ ਸ਼ਲਾਘਾ ਯੋਗ ਕਰਮ ਹੈ, ਅਤੇ ਕੇਸਾਂ 'ਤੇ ਉਸਤਰਾ ਜਾਂ ਕੈਂਚੀ ਆਦਿ ਫੇਰਨਾ ਪਤਿਤ-ਕਰਮ ਹੈ, ਅਤੇ ਇਸ ਦੀ ਕਰੜੀ ਮਨਾਹੀ ਹੈ। ਉਪਰੋਕਤ ਦੋਹਾਂ ਕਿਸਮਾਂ ਦੇ ਕਰਮਾਂ ਦਾ ਫ਼ਰਕ ਸਪੱਸ਼ਟ ਹੈ—ਇਕ ਰਹਿਤ ਦਾ ਅੰਗ ਹੈ ਅਤੇ ਹੁਕਮਨ ਕੀਤਾ ਜਾਣਾ ਜ਼ਰੂਰੀ ਹੈ, ਦੂਜਾ ਬੱਜਰ ਕੁਰਹਿਤ ਹੈ ਤੇ ਇਸ ਦੀ ਹੁਕਮਨ ਮਨਾਹੀ ਹੈ; ਭਾਵੇਂ ਕੇਸਾਂ ਦਾ ਉਤਰਨਾ ਦੋਹਾਂ ਕਰਮਾਂ ਵਿਚ ਹੀ ਹੁੰਦਾ ਹੈ।

(ਅ) ਨਿਜ-ਨਾਰੀ ਦਾ ਸੰਗ—ਪਰ-ਨਾਰੀ ਦਾ ਸੰਗ

ਸਿਖ ਧਰਮ ਵਿਚ ਗ੍ਰਿਹਸਤ ਜੀਵਨ ਦੀ ਪ੍ਰਧਾਨਤਾ ਹੈ। ਸਾਡੇ ਗੁਰੂ

ਸਾਹਿਬਾਨ ਗ੍ਰਿਹਸਤੀ ਹੋਏ।

ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਇਤਿਹਾਸ ਵਿਚ ਅੰਕਿਤ ਪਾਵਨ ਬਚਨਾਂ ਅਨੁਸਾਰ "ਔਰਤ ਈਮਾਨ ਹੈ"। ਪਰ ਗੁਰਸਿਖ ਗ੍ਰਿਹਸਤੀ ਲਈ ਗੁਰਮਤਿ ਦਾ ਉਪਦੇਸ਼ ਹੈ :

ਏਕਾ ਨਾਰੀ ਜਤੀ ਹੋਇ ਪਰ-ਨਾਰੀ ਧੀ ਭੈਣ ਵਖਾਣੈ ॥੮॥

(ਭਾਈ ਗੁਰਦਾਸ ਜੀ, ਵਾਰ ੬)

ਪਰ-ਨਾਰੀ ਦਾ ਸੰਗ ਸਿੱਖੀ ਵਿਚ ਪਤਿਤ ਕਰਮ ਗਰਦਾਨਿਆ ਗਿਆ ਹੈ ਅਤੇ ਇਸ ਦੀ ਮਨਾਹੀ ਹੈ।

ਨਿਜ ਨਾਰੀ ਕੇ ਸੰਗਿ ਨੇਹੁ ਤੁਮ ਨਿਤ ਬਢੈਯਹੁ ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥੫੧॥

(ਰੂਪ ਕੁਮਾਰ ਪ੍ਰਥਾਏ, ਪਾ: ੧੦)

ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾਲਾਜੀਆਹਿ ॥੮॥

(ਫੁਨਹੇ ਮ: ੫, ਪੰਨਾ ੧੩੬੨)

ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ ॥੪॥

(ਭਾਈ ਗੁਰਦਾਸ ਜੀ, ਵਾਰ ੬)

ਪਰ ਬੇਟੀ ਕੋ ਬੇਟੀ ਜਾਨੈ ॥ ਪਰ ਇਸਤ੍ਰੀ ਕੋ ਮਾਤ ਬਖਾਨੈ ॥
ਅਪਨੀ ਇਸਤ੍ਰੀ ਸੇ ਹਿਤ ਹੋਈ ॥ ਰਹਤਵਾਨ ਗੁਰੁ ਕਾ ਸਿਖ ਸੋਈ ॥

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਜੇ ਕੋਈ ਵਿਗੜਿਆ ਤਿਗੜਿਆ ਪਰ-ਤ੍ਰਿਆ-ਗਾਮੀ ਵਿਕਾਰੀ ਮਨੁੱਖ ਆਪਣੇ ਵਿਕਾਰ ਨੂੰ ਲੁਕਾਉਣ ਲਈ ਜਾਂ ਠੀਕ ਸਿਧ ਕਰਨ ਲਈ ਇਹ ਹੁਜਤ ਕਰੇ ਕਿ ਗ੍ਰਿਹਸਤੀ ਵੀ ਭੋਗੀ ਹੈ ਤੇ ਪਰ-ਨਾਰੀ-ਗਾਮੀ ਵੀ ਭੋਗੀ ਹੈ ਤੇ ਏਸ ਤਰ੍ਹਾਂ ਦੋਹਾਂ ਵਿਚ ਕੋਈ ਫ਼ਰਕ ਨਹੀਂ ਤਾਂ ਗੁਰਬਾਣੀ ਦਾ ਡੰਡਾ ਪਟਾਕ ਉਸਦੇ ਸਿਰ ਵਿਚ ਵਜਦਾ ਹੈ :

ਗੁਪਤੁ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ ਮਨੁਖਾਇ ॥
ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ ॥੧॥
ਰੇ ਨਰ ਕਾਹਿ ਪਰ ਗ੍ਰਿਹਿ ਜਾਹਿ ॥
ਕੁਚਿਲ ਕਠੋਰ ਕਾਮਿ ਗਰਧਭ ਤੁਮ ਨਹੀ ਸੁਨਿਓ ਧਰਮਰਾਇ ॥੧॥ਰਹਾਉ॥

(ਮਾਰੂ ਮ: ੫, ਪੰਨਾ ੧੦੦੧)

ਜੈਸਾ ਸੰਗੁ ਬਿਸੀਅਰਿ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥

(ਆਸਾ ਮ: ੫, ਪੰਨਾ ੬੦੩)

ਉਪਰੋਕਤ ਉਦਾਹਰਣਾਂ ਤੋਂ ਸਪੱਸ਼ਟ ਹੈ ਕਿ ਗ੍ਰਿਹਸਤ-ਪ੍ਰਵੇਸ਼ ਸੰਸਾਰ ਦੀ ਵ੍ਰਿਧੀ ਲਈ ਕੁਦਰਤੀ ਨਿਯਮਾਂ ਦੇ ਅਨਕੂਲ ਹੈ, ਪੁੰਨ ਕਰਮ ਹੈ, ਗੁਰਮਤਿ ਅਨੁਸਾਰ ਇਸ ਦਾ ਵਿਧਾਨ ਹੈ, ਪਰ ਇਸ ਦੇ ਉਲਟ ਪਰ-ਨਾਰੀ ਦਾ ਸੰਗ ਮਨੁੱਖੀ ਸਮਾਜ ਦੇ ਪਤਨ ਦਾ ਪ੍ਰਮੁਖ ਕਾਰਨ ਹੈ, ਪਾਪ ਹੈ ਅਤੇ ਗੁਰਮਤਿ ਅਨੁਸਾਰ ਇਸ ਦੀ ਨਿਖੇਧੀ ਹੈ, ਭਾਵੇਂ ਭੋਗ-ਕਿਰਿਆ ਦੋਹਾਂ ਹਾਲਤਾਂ ਵਿਚ ਅਵੱਸ਼ ਹੈ।

ਸੋ ਜਿਸ ਕਿਸਮ ਦਾ ਫ਼ਰਕ ਕੰਘਾ ਕਰਦਿਆਂ ਕੇਸਾਂ ਦੇ ਉਤਰਨ ਵਿਚ ਅਤੇ ਕੈਂਚੀ ਉਸਤਰੇ ਨਾਲ ਉਤਾਰਨ ਵਿਚ ਹੈ, ਅਤੇ ਜੋ ਫ਼ਰਕ ਨਿਜ-ਨਾਰੀ ਦੇ ਸੰਗ ਅਤੇ ਪਰ-ਨਾਰੀ ਦੇ ਸੰਗ ਵਿਚ ਹੈ, ਓਹੋ ਜਿਹਾ ਫ਼ਰਕ ਅੰਨ-ਭੋਜਨ ਅਤੇ ਮਾਸ-ਭੋਜਨ ਵਿਚ ਹੈ। ਇਨ੍ਹਾਂ ਵਿਚੋਂ ਇਕ ਪੁੰਨ-ਕਰਮ ਹੈ ਅਤੇ ਦੂਜਾ ਵਿਕਾਰ। ਅੰਨ-ਭੋਜਨ ਅਤੇ ਮਾਸ-ਭੋਜਨ ਵਿਚ ਫ਼ਰਕ ਨਿਰੂਪਣ ਕਰਨ ਲਈ ਕੁਝ ਠੋਸ ਦਲੀਲਾਂ ਦਿਤੀਆਂ ਗਈਆਂ ਹਨ, ਪਰ ਹਠ-ਧਰਮੀ ਵਾਲਾ ਰਵੱਈਆ ਕਿਸੇ ਦਲੀਲ ਨੂੰ ਸਵੀਕਾਰ ਨਹੀਂ ਕਰਦਾ, ਭਾਵੇਂ ਕਿੰਨੀ ਨਿਗਰ ਤੇ ਢੁਕਵੀਂ ਹੋਵੇ, ਬਿਬੇਕ ਬੁਧੀ ਨਾਲ ਵਿਚਾਰਿਆਂ ਗੱਲ ਸਪੱਸ਼ਟ ਹੋ ਜਾਂਦੀ ਹੈ।

ਉਪਰ ਇਹ ਪੱਖ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਅੰਨ-ਭੋਜਨ ਤੇ ਮਾਸ-ਭੋਜਨ ਦੋਹਾਂ ਵਿਚ ਫ਼ਰਕ ਹੈ ਅਤੇ ਦੋਹਾਂ ਨੂੰ ਇਕੋ ਛਾਬੇ ਤੋਲਣਾ ਅੱਨਿਆਂ ਹੈ। ਪਰ ਨਿਗਰ ਤੇ ਢੁਕਵੀਆਂ ਦਲੀਲਾਂ ਦੇ ਬਾਵਜੂਦ ਗੁਰਬਾਣੀ ਦੇ ਅੰਦਰਲੇ ਨਿਰਣੇ ਨਾਲ ਹੀ ਤਸੱਲੀ ਹੋ ਸਕਦੀ ਹੈ।

ਗੁਰਬਾਣੀ ਵਿਚੋਂ ਜਿਥੇ ਅੰਨ-ਭੋਜਨ ਦਾ ਵਿਧਾਨ ਮਿਲਦਾ ਹੈ, ਓਥੇ ਮਾਸ-ਭੋਜਨ ਦੀ ਸਪੱਸ਼ਟ ਨਿਖੇਧੀ ਮਿਲਦੀ ਹੈ। ਜਦੋਂ ਦੋ ਵਿਰੋਧੀ ਪਦਾਰਥਾਂ ਦਾ ਇਕੋ ਥਾਵੇਂ ਵਰਣਨ ਕਰ ਕੇ ਇਕ ਦਾ ਵਿਧਾਨ ਤੇ ਦੂਜੇ ਦੀ ਨਿਖੇਧੀ ਕੀਤੀ ਜਾਵੇ ਤਾਂ ਇਹ ਨਿਰਣਾ ਨਹੀਂ ਤਾਂ ਹੋਰ ਕੀ ਹੋ ਸਕਦਾ ਹੈ?

ਗੁਰਬਾਣੀ ਵਿਚ ਸਪੱਸ਼ਟ ਨਿਰਣਾ ਹੈ। ਜੇ ਕੋਈ ਮੰਨਣੋਂ ਇਨਕਾਰ ਕਰੇ ਤਾਂ ਉਸ ਦੀ ਮਰਜ਼ੀ। ਗੁਰਬਾਣੀ ਦਾ ਨਿਰਣਾ ਥਲੇ ਅੰਕਿਤ ਕਰ ਕੇ ਇਸ ਵਿਚਾਰ ਨੂੰ ਖ਼ਤਮ ਕੀਤਾ ਜਾਂਦਾ ਹੈ:

ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥੧੮੮॥

ਹੇਰਾ—ਮਾਸ *(ਸਲੋਕ ਕਬੀਰ ਜੀ, ਪੰਨਾ ੧੩੭੪)*

ਦਲੀਲ ਨੰਬਰ ੫

ਝਟਕਾ ਖਾਣ ਨਾਲ ਮਨੁੱਖ ਵਿਚ ਬਹਾਦਰੀ ਆਉਂਦੀ ਹੈ?

ਵਿਚਾਰ

ਬਹਾਦਰੀ ਦਾ ਮਾਸ ਖਾਣ ਜਾਂ ਨਾ ਖਾਣ ਨਾਲ ਕੋਈ ਸੰਬੰਧ ਨਹੀਂ। ਬਹਾਦਰੀ ਇਕ ਮਾਨਸਕ ਜਜ਼ਬਾ ਹੈ, ਜੋ ਸ੍ਵੈ-ਕੁਰਬਾਨੀ ਦੀ ਉਪਜ ਹੈ। ਜ਼ਾਲਮ ਮਨੁੱਖ ਆਪਣੇ ਹਿਤ ਲਈ ਕਿਸੇ ਨੂੰ ਕੁਰਬਾਨ ਕਰਦਾ ਹੈ, ਬਹਾਦਰ ਮਨੁੱਖ ਕਿਸੇ ਆਦਰਸ਼ ਅਧੀਨ ਸ੍ਵੈ-ਕੁਰਬਾਨੀ ਲਈ ਸਦਾ ਤੱਤਪਰ ਰਹਿੰਦਾ ਹੈ। ਜ਼ਾਲਮ-ਮੁਗ਼ਲ ਫ਼ੌਜਾਂ ਵਿਰੁਧ ਧਰਮ-ਯੁਧ ਕਰ ਰਹੀਆਂ ਖ਼ਾਲਸਾ ਫ਼ੌਜਾਂ ਦੀ ਬਹਾਦਰੀ ਦਾ ਗੌਰਵ-ਮਈ ਵਰਣਨ ਅਸੀਂ ਇਤਿਹਾਸ ਵਿਚ ਆਮ ਪੜ੍ਹਦੇ ਸੁਣਦੇ ਹਾਂ ਕਿ ਓਧਰ ਮੁਗ਼ਲਾਂ ਦੀ ਫ਼ੌਜ ਵਿਚ ਪੂਰਾ ਪੂਰਾ ਦੁੰਬਾ ਖਾਣ ਵਾਲੇ ਗਿਲਝੇ ਸਨ ਤੇ ਏਧਰ ਗੁਰੂ ਕੀ ਫ਼ੌਜ ਵਿਚ ਮੁੱਠ ਮੁੱਠ ਛੋਲੇ ਖਾ ਕੇ ਉਦਰ-ਪੂਰਨਾ ਕਰਨ ਵਾਲੇ, ਸਰੀਰਕ ਤੌਰ 'ਤੇ ਦੁਬਲੇ ਪਤਲੇ ਪਰ ਮਨ ਕਰਕੇ ਬਲਵਾਨ ਤੇ ਬੀਰ-ਬਹਾਦਰ ਸਨ ਅਤੇ ਇਨ੍ਹਾਂ ਸੂਰਮਿਆਂ ਨੇ ਗੁਰੂ ਕੇ ਨਾਮ-ਅੰਮ੍ਰਿਤ ਦੀ ਸ਼ਕਤੀ ਦੇ ਸਿਰ-ਸਦਕੇ ਮੁਗ਼ਲ ਫ਼ੌਜਾਂ ਦੇ ਛਕੇ ਛੁੜਾ ਦਿਤੇ।

ਜੇ ਬਹਾਦਰੀ ਦਾ ਅਧਾਰ ਮਾਸ ਖਾਣ 'ਤੇ ਹੁੰਦਾ ਤਾਂ ਖ਼ਾਲਸਾ ਫ਼ੌਜਾਂ ਮੁਗ਼ਲ ਫ਼ੌਜਾਂ ਦੇ ਮੁਕਾਬਲੇ ਵਿਚ ਕਦਾਚਿਤ ਠਹਿਰ ਨਾ ਸਕਦੀਆਂ। ਪਰ ਬਹਾਦਰੀ ਦਾ ਭੇਤ ਆਤਮਾ ਦੇ ਬਲਵਾਨ ਹੋਣ ਵਿਚ ਲੁਕਿਆ ਹੋਇਆ ਹੈ, ਅਤੇ ਆਤਮਾ ਬਲਵਾਨ ਹੁੰਦੀ ਹੈ ਆਪਾ ਚੀਨ ਕੇ ਅਤੇ ਆਪਾ-ਭਾਵ ਨਿਵਾਰ ਕੇ।

ਮਾੜੇ ਉਤੇ ਤਾਂ ਹਰ ਕੋਈ ਸ਼ੇਰ ਹੁੰਦਾ ਹੈ। ਬਹਾਦਰੀ ਦਾ ਪਤਾ ਤਾਂ ਓਦੋਂ ਲਗਦਾ ਹੈ ਜਦੋਂ ਵਾਹ ਕਿਸੇ ਤਕੜੇ ਨਾਲ ਪਵੇ। ਵਿਚਾਰੇ ਤਿੱਤਰਾਂ, ਬਟੇਰਿਆਂ, ਮੁਰਗਿਆਂ ਤੇ ਬਕਰਿਆਂ ਨੂੰ ਮਾਰ ਕੇ ਬਹਾਦਰੀ ਦਾ ਦਾਅਵਾ ਬੰਨ੍ਹਣਾ ਹਾਸੋ-ਹੀਣਾ ਕਰਤੱਵ ਹੈ।

ਅਸਲੀਅਤ ਸਗੋਂ ਇਸ ਦੇ ਉਲਟ ਹੈ। ਛੋਟੇ ਛੋਟੇ ਨਿਤਾਣੇ ਜੀਵ-ਜੰਤੂਆਂ 'ਤੇ ਜ਼ੋਰ-ਜਬਰ ਕਰ ਕੇ, ਉਹਨਾਂ ਨੂੰ ਮਾਰ ਕੇ ਖਾਣ ਨਾਲ ਮਨੁੱਖ ਦੀ ਆਤਮਾ ਨਿਰਬਲ ਹੁੰਦੀ ਹੈ ਤੇ ਇਸ ਤਰ੍ਹਾਂ ਉਸ ਵਿਚ ਕਾਇਰਤਾ ਪਰਵੇਸ਼ ਹੁੰਦੀ ਹੈ। ਮਾਰਨ ਲਈ ਪਸ਼ੂ-ਪੰਛੀਆਂ ਨੂੰ ਜਦੋਂ ਝਟਕਈ ਫੜਦਾ ਹੈ ਤਾਂ ਉਹ ਮੌਤ ਦੇ ਡਰ ਨਾਲ ਸਹਿਮ ਜਾਂਦੇ ਹਨ ਅਤੇ ਆਪਣੀ ਜਾਨ ਬਚਾਣ ਲਈ ਉਸ ਦੇ ਹੱਥੋਂ ਨਿਕਲ ਨਿਕਲ ਜਾਂਦੇ ਹਨ। ਮਰਨ ਲਗਿਆਂ ਉਨ੍ਹਾਂ ਅੰਦਰ ਹੀਣਤਾ ਤੇ ਬੇਬਸੀ ਦੇ ਭਾਵ

ਹਾਵੀ ਹੁੰਦੇ ਹਨ। ਸੋ ਅਜਿਹੀ ਹੀਣਤਾ ਭਰੀ ਮਾਨਸਕ ਅਵਸਥਾ ਵਿਚ ਮੋਏ ਜਾਨਵਰਾਂ ਦਾ ਮਾਸ ਖਾ ਕੇ ਮਨੁੱਖ ਵਿਚ ਬਹਾਦਰੀ ਕਿਵੇਂ ਪਰਵੇਸ਼ ਕਰ ਸਕਦੀ ਹੈ ? ਪ੍ਰਸਿੱਧ ਅਤੇ ਮੰਨੀ-ਪ੍ਰਮੰਨੀ ਕਹਾਵਤ ਹੈ—'ਜੈਸਾ ਅੰਨ ਤੈਸਾ ਮਨ'। ਡਰਪੋਕ ਅਤੇ ਹੀਣੇ-ਜਾਨਵਰ ਦਾ ਮਾਸ ਖਾ ਕੇ ਮਨੁੱਖ ਵਿਚ ਹੀਣਤਾ ਹੀ ਪਰਵੇਸ਼ ਕਰੇਗੀ।

ਗੁਰਮਤਿ ਦੇ ਝਰੋਖੇ ਚੋਂ ਦੇਖਿਆਂ ਸੂਰਮਗਤੀ ਦੀ ਸਹੀ ਸੋਝੀ ਹੁੰਦੀ ਹੈ। ਗੁਰਬਾਣੀ ਅਨੁਸਾਰ ਅਸਲੀ ਸੂਰਮਾ ਉਹ ਹੈ ਜੋ ਵਾਹਿਗੁਰੂ ਦੇ ਪ੍ਰੇਮ-ਰੰਗ ਵਿਚ ਰੰਗਿਆ ਹੋਇਆ ਹੋਵੇ ਅਤੇ ਪ੍ਰੇਮ-ਰੰਗ ਦੇ ਤੁਫ਼ੈਲ ਉਸ ਵਿਚੋਂ ਮੌਤ ਦਾ ਭੈ ਨਿਕਲ ਚੁਕਾ ਹੋਵੇ।

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥ (੬੮੦)

ਇਸ ਪਦ ਦੀ ਵਧੇਰੇ ਵਿਆਖਿਆ ਕਰਦਿਆਂ ਗੁਰਬਾਣੀ ਵਿਚ ਅਸਲੀ ਸੂਰਮਿਆਂ ਅਤੇ ਅਖ਼ੌਤੀ ਸੂਰਮਿਆਂ ਦੇ ਲੱਛਣ ਵੀ ਨਿਰੂਪਣ ਕੀਤੇ ਹੋਏ ਹਨ, ਤਾਂ ਜੁ ਕਿਸੇ ਨੂੰ ਕੋਈ ਟਪਲਾ ਜਾਂ ਤੌਖਲਾ ਨਾ ਲਗੇ :

ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥
ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ ॥
ਅਤਿ ਕਰੋਧਿ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ ॥
ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥
ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ ॥੯॥

(ਮਾਰੂ ਵਾਰ ਮ: ੩, ਪੰਨਾ ੧੦੮੯)

ਸੂਰਮੇ ਦੀ ਪਰਖ ਇਹ ਹੈ ਕਿ ਉਹ ਦੀਨ-ਦੁਖੀਆਂ ਦੀ ਖ਼ਾਤਰ ਆਪਣੀ ਜਾਨ ਦੀ ਬਾਜ਼ੀ ਤਕ ਲਾ ਦੇਂਦਾ ਹੈ :

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ (੧੧੦੫)

ਪਰ ਇਸ ਦੇ ਉਲਟ ਜੋ ਮਨੁੱਖ ਦੀਨਾਂ, ਮਜ਼ਲੂਮਾਂ, ਭਾਵ ਬੇ-ਜ਼ਬਾਨ ਤੇ ਮਸੂਮ ਪਸ਼ੂ-ਪੰਛੀਆਂ ਉਤੇ ਜ਼ੋਰ-ਜ਼ੁਲਮ ਢਾਹ ਕੇ ਆਪਣੀ ਜੀਭ ਦੇ ਸੁਆਦ ਲਈ, ਜਾਂ ਵਿਕਾਰਾਂ ਵਿਚ ਖੀਨ ਹੋਈ ਸਤਾ ਨੂੰ ਮੁੜ ਬਹਾਲ ਕਰਨ ਲਈ ਉਨ੍ਹਾਂ ਦਾ ਖ਼ੂਨ ਪੀਂਦਾ ਹੈ, ਉਸ ਦੀ ਸੂਰਮਗਤੀ ਦੀ ਫੜ, ਅਕਲ ਦਾ ਦਿਵਾਲਾ-ਪਣ ਨਹੀਂ ਤਾਂ ਹੋਰ ਹੈ ਕੀ ?

ਦਲੀਲ ਨੰਬਰ ੬

ਮਾਸ ਇਕ ਤਾਕਤ-ਵਰ ਭੋਜਨ ਹੈ, ਇਸ ਨਾਲ ਸਰੀਰ ਰਿਸ਼ਟ-ਪੁਸ਼ਟ ਹੁੰਦਾ ਹੈ

ਵਿਚਾਰ

ਜਿਥੋਂ ਤਕ ਮਾਸ ਦੀ ਭੋਜਨਾਤਮਿਕ ਮਹੱਤਤਾ (Food Value) ਦਾ ਸੰਬੰਧ ਹੈ, ਇਹ ਮਸਲਾ ਹਿਕਮਤ ਨਾਲ ਸੰਬੰਧਤ ਹੈ। ਇਸ ਬਾਰੇ ਡਾਕਟਰਾਂ ਦੀਆਂ ਰਾਵਾਂ ਵੰਡੀਆਂ ਹੋਈਆਂ ਹਨ। ਕਈ ਡਾਕਟਰਾਂ ਦੀ ਰਾਏ ਹੈ ਕਿ ਮਾਸ ਵਿਚ ਏ-ਕਲਾਸ ਪ੍ਰੋਟੀਨ ਹੁੰਦੇ ਹਨ, ਇਸ ਲਈ ਇਸ ਦੇ ਸੇਵਨ ਕਰਨ ਨਾਲ ਸਰੀਰ ਨੂੰ ਵਧੇਰੇ ਤਾਕਤ ਮਿਲਦੀ ਹੈ। ਦੂਜੇ ਪਾਸੇ ਕਈ ਡਾਕਟਰਾਂ ਦਾ ਵਿਚਾਰ ਹੈ ਕਿ ਮਾਸ ਮਨੁੱਖ ਲਈ ਗ਼ੈਰ-ਕੁਦਰਤੀ ਭੋਜਨ ਹੈ ਤੇ ਇਸ ਦੇ ਖਾਣ ਦਾ ਮਨੁੱਖ ਦੇ ਮਸੂੜਿਆਂ, ਪਾਚਨ-ਸ਼ਕਤੀ ਅਤੇ ਖ਼ੂਨ ਦੇ ਦਬਾਅ (Blood Pressure) 'ਤੇ ਮਾਰੂ ਅਸਰ ਹੁੰਦਾ ਹੈ। ਦੁਨੀਆ ਭਰ ਚੋਂ ਉਘੇ ਡਾਕਟਰਾਂ ਦੀਆਂ ਅਨੇਕ ਰਾਵਾਂ ਵਿਚੋਂ ਟੂਕ ਮਾਤਰ ਹੇਠਾਂ ਹਾਜ਼ਰ ਹਨ।

ਡਾ: ਜੋਜ਼ਫ਼ ਓਲਿਡ ਫ਼ੀਲਡ ਲਿਖਦੇ ਹਨ :

"ਮਾਸ ਗ਼ੈਰ-ਕੁਦਰਤੀ ਖ਼ੁਰਾਕ ਹੈ। ਇਸ ਦੇ ਖਾਣ ਨਾਲ ਭਗੰਦਰ, ਤਪਦਿਕ ਆਦਿ ਕਈ ਬੀਮਾਰੀਆਂ ਪੈਦਾ ਹੁੰਦੀਆਂ ਹਨ ਅਤੇ ਅੱਜ-ਕੱਲ੍ਹ ਦੁਨੀਆ ਦੀਆਂ ੯੯ ਫ਼ੀ ਸਦੀ ਬੀਮਾਰੀਆਂ ਦਾ ਕਾਰਨ ਮਾਸ ਖਾਣਾ ਹੈ।"

ਡਾ: ਡਬਲਯੂ. ਐਚ. ਐਲ. ਚੇਨ ਦਾ ਕਹਿਣਾ ਹੈ :

"ਮਾਸ ਖਾਣ ਨਾਲ ਸਿਰ-ਦਰਦ, ਕਬਜ਼, ਦਿਲ ਦੀ ਬੀਮਾਰੀ, ਨਾ-ਤਾਕਤੀ ਅਤੇ ਹੋਰ ਬਹੁਤ ਸਾਰੀਆਂ ਬੀਮਾਰੀਆਂ ਪੈਦਾ ਹੁੰਦੀਆਂ ਹਨ।"

ਭਗੰਦਰ ਦਾ ਇਲਾਜ ਕਰਨ ਵਾਲੇ ਡਾ: ਵੈੱਲ ਨੇ ਆਪਣੀ ਅੰਗਰੇਜ਼ੀ ਕਿਤਾਬ ਵਿਚ ਲਿਖਿਆ ਹੈ ਕਿ ਹਰ ਸਾਲ ਦੁਨੀਆ ਵਿਚ ਪੰਝੀ ਕਰੋੜ ਪੰਜਾਹ ਲੱਖ ਅਤੇ ਕੇਵਲ ਇੰਗਲੈਂਡ ਤੇ ਵੇਲਜ਼ ਵਿਚ ਹੀ ਤੀਹ ਹਜ਼ਾਰ ਆਦਮੀ ਇਸ ਬੀਮਾਰੀ ਨਾਲ ਮਰਦੇ ਹਨ, ਜਿਸ ਦਾ ਵੱਡਾ ਕਾਰਨ ਮਾਸ ਖਾਣਾ ਹੈ।

ਪਰ ਡਾਕਟਰਾਂ ਦੀਆਂ ਰਾਵਾਂ ਆਏ ਦਿਨ ਬਦਲਦੀਆਂ ਰਹਿੰਦੀਆਂ ਹਨ। ਉਂਜ ਨਿਤ ਦੇ ਜੀਵਨ ਵਿਚ ਅਸੀਂ ਵੇਖ ਰਹੇ ਹਾਂ ਕਿ ਨਾ ਤਾਂ ਸਾਰੇ ਮਾਸ ਖਾਣ ਵਾਲੇ ਵਿਅਕਤੀ ਰਿਸ਼ਟ-ਪੁਸ਼ਟ ਹਨ ਅਤੇ ਨਾ ਹੀ ਸਾਰੇ ਮਾਸ ਨਾ ਖਾਣ ਵਾਲੇ ਕਮਜ਼ੋਰ ਹਨ। ਸਗੋਂ ਸਚਾਈ ਇਹ ਹੈ ਕਿ ਮਾਸ ਖਾਣ ਵਾਲੇ ਵਿਅਕਤੀ ਦੇਖਣ

ਚਾਖਣ ਨੂੰ ਭਾਵੇਂ ਮੋਟੇ ਤਾਜ਼ੇ ਨਜ਼ਰ ਆਉਂਦੇ ਹਨ, ਪਰ ਉਹਨਾਂ ਦੇ ਮੁਕਾਬਲੇ ਵਿਚ ਮਾਸ ਨਾ ਖਾਣ ਵਾਲਿਆਂ ਵਿਚ ਔਖਿਆਈ ਝੱਲਣ ਦਾ ਹੌਸਲਾ ਅਤੇ ਸ਼ਕਤੀ ਜ਼ਿਆਦਾ ਹੁੰਦੀ ਹੈ।

ਸਰੀਰਕ ਅਰੋਗਤਾ ਵਾਸਤੇ ਡਾਕਟਰਾਂ ਦੀ ਰਾਏ ਨੂੰ ਮੰਨਣਾ ਅਤੇ ਅਪਣਾਉਣਾ ਕਿਸੇ ਹਦ ਤਕ ਜ਼ਰੂਰੀ ਹੈ। ਪਰ ਨਿਰਾ ਮਿੱਟੀ ਦਾ ਇਹ ਮੜ੍ਹੋਲਾ ਹੀ ਸਰੀਰ ਨਹੀਂ। ਸਰੀਰ ਤੋਂ ਭਾਵ ਹੈ "ਇਹ ਪੰਜ ਭੂਤਕ ਮੜ੍ਹੋਲੀ, ਸਮੇਤ ਇਸ ਵਿਚ ਵਸਦੇ ਆਤਮਾ ਦੇ"। ਇਹ 'ਆਤਮਾ' ਸਰੀਰ ਦਾ ਸਭ ਤੋਂ ਮਹੱਤਤਾ ਵਾਲਾ ਸਰਬੋਤਮ ਅੰਸ਼ ਹੈ। ਇਸ ਤੋਂ ਬਗ਼ੈਰ ਸਰੀਰ ਦੀ ਹੋਂਦ ਹੀ ਕਾਇਮ ਨਹੀਂ ਰਹਿ ਸਕਦੀ। ਸੋ ਜਿਥੇ ਸਰੀਰ ਨੂੰ ਰਿਸ਼ਟ-ਪੁਸ਼ਟ ਰਖਣ ਦੀ ਅਵੱਸ਼ ਲੋੜ ਹੈ, ਉਥੇ ਆਤਮਾ ਨੂੰ ਬਲਵਾਨ ਰਖਣਾ ਮਨੁੱਖ ਦੀ ਮੁਢਲੀ ਜ਼ਿੰਮੇਵਾਰੀ ਹੈ। ਮਨੁੱਖ ਦੀ ਆਦਰਸ਼ਕ ਖ਼ੁਰਾਕ ਉਹੋ ਕਹੀ ਜਾ ਸਕਦੀ ਹੈ ਜਿਸ ਨਾਲ ਮਨੁੱਖੀ ਸਰੀਰ ਅਤੇ ਇਸ ਸਰੀਰ-ਘਰ ਦਾ ਮਾਲਕ 'ਆਤਮਾ' ਬਲਵਾਨ ਹੋਵੇ।

ਡਾਕਟਰਾਂ ਦੀ ਪੜ੍ਹਾਈ ਅਤੇ ਡਾਕਟਰੀ ਗਿਆਨ ਪੰਜ-ਭੂਤਕ ਸਰੀਰ-ਮੜ੍ਹੋਲੀ ਤਕ ਹੀ ਸੀਮਤ ਹੁੰਦਾ ਹੈ। ਉਹਨਾਂ ਨੂੰ ਆਤਮਾ ਬਾਰੇ ਕੋਈ ਗਿਆਨ ਨਹੀਂ ਹੁੰਦਾ। ਸੋ ਕੁਦਰਤੀ ਗੱਲ ਹੈ ਕਿ ਉਹਨਾਂ ਵਲੋਂ ਸੁਝਾਇਆ ਗਿਆ ਭੋਜਨ ਪੰਜ-ਭੂਤਕ-ਸਰੀਰ ਦੀ ਵ੍ਰਿਧੀ ਤਕ ਹੀ ਸੀਮਤ ਹੋਵੇ। ਮਾਸ-ਭੋਜਨ ਲਈ ਜੀਵ-ਹੱਤਿਆ ਦਾ ਹੋਣਾ ਅਵੱਸ਼ ਹੈ ਤੇ ਜੀਵ-ਹੱਤਿਆ ਦੇ ਕਾਰਨ ਮਨੁੱਖੀ ਆਤਮਾ ਦਇਆ ਦੇ ਦੈਵੀ ਗੁਣ ਤੋਂ ਵਿਰਵਾ ਹੋ ਕੇ ਨਿਤਾਣਾ ਹੋ ਜਾਂਦਾ ਹੈ। ਨਿਰਬਲ ਆਤਮਾ ਵਾਲਾ ਸਰੀਰ ਰਿਸ਼ਟ-ਪੁਸ਼ਟ ਹੋਣ ਦੇ ਬਾਵਜੂਦ ਨਿਕੰਮਾ ਤੇ ਨਿਕਾਰਾ ਹੀ ਸਾਬਤ ਹੁੰਦਾ ਹੈ।

ਮਾਸ ਦੇ ਵੱਖ ਵੱਖ ਪੱਖਾਂ ਦੇ ਸੰਬੰਧ ਵਿਚ ਗੁਰਬਾਣੀ ਦੇ ਨਿਰਣਿਆਂ ਤੋਂ ਹੀ ਸੇਧ ਲੈਣੀ ਬਣਦੀ ਹੈ। ਗੁਰਬਾਣੀ ਦਾ ਉਪਦੇਸ਼ ਹੈ:

ਹਕੁ ਪਰਾਇਆ ਨਾਨਕਾ ਉਸੁ ਸੂਅਰੁ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥

(ਮ: ੧, ਮਾਝ ਕੀ ਵਾਰ, ਪੰਨਾ ੧੪੧)

'ਹਕੁ ਪਰਾਇਆ' ਤੋਂ ਭਾਵ 'ਪਰਾਈ ਮਲਕੀਅਤ' ਹੈ ਅਤੇ ਪਰਾਈ ਮਲਕੀਅਤ ਨੂੰ ਧੀਂਗੋ ਜ਼ੋਰੀ ਹੜੱਪ ਕਰਨਾ ਪਾਪ-ਕਰਮ ਹੈ। ਰਿਸ਼ਵਤ ਅਤੇ ਲੁਟ-ਘਸੁਟ ਦੇ ਧਨ ਨਾਲ ਪ੍ਰਾਪਤ ਕੀਤੇ ਪਦਾਰਥ ਪੰਜ-ਭੂਤਕੀ-ਸਰੀਰ ਲਈ ਭਾਵੇਂ ਗੁਣਕਾਰੀ ਹੋਣ, ਪਰ ਗੁਰਸਿੱਖਾਂ ਲਈ 'ਹੱਕ ਪਰਾਇਆ' ਵਿਵਰਜਿਤ ਹੈ।

ਭਾਈ ਲਾਲੋ ਦੀ ਕੋਧਰੇ ਦੀ ਰੋਟੀ ਨਾਲੋਂ ਮਲਕ ਭਾਗੋ ਦਾ ਪਕਵਾਨ ਨਿਰਸੰਦੇਹ ਵਧੇਰੇ ਸੁਆਦਿਸ਼ਟ ਅਤੇ ਪੁਸ਼ਟੀ-ਕਰਣ ਸੀ, ਪਰ ਧਰਮ ਦੇ ਹਾਦੀ ਗੁਰੂ ਬਾਬੇ ਨੇ ਸੁਕ੍ਰਿਤ-ਕਰਣੀ ਦੇ ਕੋਧਰੇ ਨੂੰ ਅਪਣਾਇਆ ਅਤੇ ਮਾਹਲ-ਪੂੜਿਆਂ ਦੇ ਪਕਵਾਨ ਦਾ ਤ੍ਰਿਸਕਾਰ ਕੀਤਾ ਅਤੇ ਦੋਹਾਂ ਕਿਸਮਾਂ ਦੇ ਪਕਵਾਨਾਂ ਨੂੰ ਵੱਖ ਵੱਖ ਮੁਠੀਆਂ ਵਿਚ ਫੜ ਕੇ ਇਕ ਵਿਚੋਂ ਦੁੱਧ ਅਤੇ ਦੂਜੇ ਵਿਚੋਂ ਲਹੂ ਕੱਢਣ ਦਾ ਕਲਾ-ਕ੍ਰਿਸ਼ਮਾਇਣੀ ਕੌਤਕ ਪ੍ਰਤੱਖ ਵਰਤਾਇਆ। ਕਿਡੀ ਅਜਬ ਖੇਡ ਹੈ ਕਿ ਸਮੇਂ ਦੇ ਗੇੜ ਨਾਲ ਅੱਜ ਗੁਰੂ-ਨਾਨਕ-ਨਾਮ-ਲੇਵਾ ਦੁੱਧ ਛਡ ਕੇ ਖ਼ੂਨ ਪੀਣ ਦਾ ਰਸਤਾ ਅਪਣਾਅ ਰਹੇ ਹਨ।

ਲੁਟ-ਘਸੁਟ ਕਰਨੀ 'ਹੱਕ ਪਰਾਇਆ' ਮਾਰਨਾ ਸਮਝਿਆ ਜਾਂਦਾ ਹੈ। ਜੇ ਲੁਟ-ਘਸੁਟ ਕਰਨੀ ਖ਼ੂਨ ਪੀਣ ਤੁਲ ਹੈ ਅਤੇ ਜੁਰਮ ਹੈ ਤਾਂ ਜ਼ਬਾਨ ਦੇ ਚਸਕੇ ਜਾਂ ਤਾਕਤ ਵਧਾਉਣ ਦੇ ਲਾਲਚ-ਅਧੀਨ ਜਾਨਵਰਾਂ ਦੇ ਜੀਉਣ ਦੇ ਹੱਕ ਉਤੇ ਛਾਪਾ ਮਾਰਨਾ ਕਿਥੋਂ ਦਾ ਸਾਊਪੁਣਾ ਹੈ ? 'ਹੱਕ ਪਰਾਇਆ' ਹੜੱਪ ਕਰ ਕੇ ਅਤੇ ਮੁਰਦਾਰ ਖਾ ਕੇ ਗੁਰੂ ਪੀਰ ਵਲੋਂ ਹਾਮੀ ਭਰੇ ਜਾਣ ਦੀ ਆਸ ਰਖਣੀ ਆਪਣੇ ਆਪ ਨਾਲ ਕਿੱਡਾ ਵੱਡਾ ਧੋਖਾ ਹੈ ?

ਗੁਰੂ ਕੇ ਸਿੱਖਾਂ ਲਈ ਜੀਵਨ-ਰਾਹ ਕੁਝ ਹੋਰ ਹੈ:

ਖਸਮੁ ਪਛਾਨਿ ਤਰਸ ਕਰਿ ਜੀਅ ਮਹਿ, ਮਾਰਿ ਮਣੀ ਕਰਿ ਫੀਕੀ॥ (੪੮੦)
ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਭਾਇ ਕਰੇਹੀ॥
(ਭਾ: ਗੁਰਦਾਸ ਜੀ, ਵਾਰ ੧, ਪਉੜੀ ੩)

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥ (੧੨੪੫)